ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 57
Daily Newspaper Friday, March 22, 2019
Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

# ਲਿਬਰਲਾਂ ਦੀ ਹਾਈਡਰੋ ਦਰਾਂ ਵਿੱਚ ਕਟੌਤੀਆਂ ਦੀ ਯੋਜਨਾ ਨੂੰ ਬਦਲੇਗੀ ਫੋਰਡ ਸਰਕਾਰ


ਊਰਜਾ ਮੰਤਰੀ ਗ੍ਰੈੱਗ ਰਿੱਕਫੋਰਡ

ਓਨਟਾਰੀਓ, 21 ਮਾਰਚ (ਪੋਸਟ ਬਿਊਰੋ) : ਘੱਟ ਊਰਜਾ ਦੀ ਖਪਤ ਵਾਲੇ ਲਾਈਟ ਬਲਬ ਖਰੀਦਣ ਤੇ ਹੋਰ ਛੋਟਾਂ ਆਦਿ ਨੂੰ ਫੋਰਡ ਸਰਕਾਰ ਵੱਲੋਂ ਰੱਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਫੋਰਡ ਸਰਕਾਰ ਹੁਣ ਸਾਬਕਾ ਲਿਬਰਲ ਪ੍ਰਸ਼ਾਸਨ ਦੀ ਹਾਈਡਰੋ ਯੋਜਨਾ ਵਿੱਚ ਤਬਦੀਲੀਆਂ ਕਰਨ ਦਾ ਮਨ ਬਣਾਈ ਬੈਠੀ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਬਿਜਲੀ ਦੀਆਂ ਦਰਾਂ ਮਹਿੰਗਾਈ ਦੀ ਦਰ ਦੇ ਮੁਤਾਬਕ ਹੀ ਰੱਖੀਆਂ ਜਾਣਗੀਆਂ।

ਊਰਜਾ ਮੰਤਰੀ ਗ੍ਰੈੱਗ ਰਿੱਕਫੋਰਡ ਨੇ ਆਖਿਆ ਕਿ ਫਿਕਸਿੰਗ ਦ ਹਾਈਡਰੋ ਮੈੱਸ ਐਕਟ ਨੂੰ ਵੀਰਵਾਰ ਨੂੰ ਪੇਸ਼ ਕੀਤਾ ਗਿਆ ਤੇ ਇਸ ਨਾਲ ਅਗਲੇ ਤਿੰਨ ਸਾਲਾਂ ਵਿੱਚ ਸਰਕਾਰ ਨੂੰ 442 ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਇਸ ਦੌਰਾਨ ਬਿਜਲੀ ਦੀ ਬਚਤ ਸਬੰਧੀ ਸਾਬਕਾ ਲਿਬਰਲ ਸਰਕਾਰ ਵੱਲੋਂ ਚਲਾਏ ਜਾਣ ਵਾਲੇ ਕਈ ਪ੍ਰੋਗਰਾਮਾਂ ਵਿੱਚ ਕਟੌਤੀ ਕੀਤੀ ਜਾਵੇਗੀ। ਫੋਰਡ ਸਰਕਾਰ ਵੱਲੋਂ ਬਿਜਲੀ ਦੇ ਬਿੱਲਾਂ ਉੱਤੇ 25 ਫੀ ਸਦੀ ਦੀ ਕੀਤੀ ਜਾਣ ਵਾਲੀ ਬਚਤ ਨੂੰ ਵੀ ਬਰਕਰਾਰ ਰੱਖਿਆ ਜਾਵੇਗਾ।

ਗ੍ਰੀਨ ਪਾਰਟੀ ਦੇ ਆਗੂ ਮਾਈਕ ਸ਼ਰੇਨਰ ਨੇ ਆਖਿਆ ਕਿ ਹਾਈਡਰੋ ਦਰਾਂ ਵਿੱਚ ਕਟੌਤੀ ਦੀ ਯੋਜਨਾ ਨੂੰ ਨਵੇਂ ਢੰਗ ਨਾਲ ਪੇਸ਼ ਕਰ ਰਹੇ ਹਨ ਕੰਜ਼ਰਵੇਟਿਵ। ਉਨ੍ਹਾਂ ਆਖਿਆ ਕਿ ਬਿਜਲੀ ਦੀ ਬਚਤ ਕਰਨਾ ਬਿਜਲੀ ਪੈਦਾ ਕਰਨ ਨਾਲੋਂ ਸਸਤਾ ਪੈਂਦਾ ਹੈ, ਇਹ ਗੱਲ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੂੰ ਸਮਝਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਸਬਸਿਡੀਆਂ ਨਾਲ ਅਮੀਰਾਂ ਨੂੰ ਹੀ ਜ਼ਿਆਦਾ ਫਾਇਦਾ ਹੋਵੇਗਾ ਕਿਉਂਕਿ ਅਮੀਰ ਲੋਕ ਹੀ ਵਧੇਰੇ ਬਿਜਲੀ ਦੀ ਖਪਤ ਕਰਦੇ ਹਨ।

## ਪੰਜਾਬੀ ਪੋਸਟ ਮਾਰਕੀਟਿੰਗ ਟੀਮ ਦੇ ਰੂਹ-ਏ-ਰਵਾਂ ਸਰਦਾਰ ਹਰਬੇਲ ਸਿੰਘ ਨਾਗਪਾਲ ਦਾ ਅੰਤਿਮ ਸਸਕਾਰ ਐਤਵਾਰ ਨੂੰ



ਬਰੈਂਪਟਨ ਪੋਸਟ ਬਿਊਰੋ: ਕੈਨੇਡੀਅਨ ਪੰਜਾਬੀ ਪੋਸਟ ਦੇ ਮਾਰਕੀਟਿੰਗ ਐਗਜ਼ੈਕਟਿਵ ਸਰਦਾਰ ਹਰਬੇਲ ਸਿੰਘ ਨਾਗਪਾਲ ਬੀਤੇ ਦਿਨੀ ਦੇਹਾਂਤ ਹੋ ਗਿਆ ਸੀ। 24 ਮਾਰਚ ਦਿਨ ਐਤਵਾਰ ਨੂੰ ਉਨ੍ਹਾਂ ਅੰਤਿਮ ਸਸਕਾਰ ਹੋਵੇਗਾ। ਨੇਕ-ਦਿਲ ਇਨਸਾਨ, ਮਿਲਾਪੜੇ ਸੁਭਾਅ ਦੇ ਮਾਲਕ, ਅਤੇ ਪਰਿਵਾਰ ਦੀ ਸੁਖ ਸਲਾਮਤੀ ਲਈ ਸਖ਼ਤ ਮਿਹਨਤ ਨੂੰ ਪ੍ਰਣਾਏ ਹੋਏ ਹਰਬੇਲ ਸਿੰਘ ਨਾਗਪਾਲ ਦਾ ਅਚਾਨਕ ਚਲਿਆ ਜਾਣਾ ਉਹਨਾਂ ਦੇ ਪਰਿਵਾਰ ਦੇ ਨਾਲ 2 ਸਮੁੱਚੇ ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਅਤੇ ਬਰੈਂਪਟਨ/ਮਿਸੀਸਾਗਾ ਦੇ ਬਿਜਸਨ ਹਲਕਿਆਂ ਲਈ ਵੱਡਾ ਘਾਟਾ ਹੈ।

ਸਵਰਗੀ ਨਾਗਪਾਲ ਦੇ ਬੇਟੇ ਸਤਿੰ-ਦਰਪਾਲ (ਐਸ ਪੀ) ਸਿੰਘ ਨਾਗਪਾਲ ਨੇ ਦੱਸਿਆ ਕਿ ਹਮੇਸ਼ਾ ਦੀ ਤਰਾਂ ਆਪਣੇ ਅਕੀਦੇ ਮੁਤਾਬਕ ਪੰਜ ਇਸ਼ਨਾਨ ਕਰਕੇ ਉਹਨਾਂ ਉੱਠ ਕੇ ਰੱਬ ਦਾ ਪਾਠ ਕੀਤਾ। ਉਪਰੰਤ ਥੋੜੀ ਦੇਰ ਸੁਸਤਾਉਣ ਤੋਂ ਬਾਅਦ ਜਦੋਂ ਇਸ਼ਨਾਨ ਲਈ ਜਾਣ ਲੱਗੇ ਤਾਂ ਉਹਨਾਂ ਛਾਤੀ ਵਿੱਚ ਥੋੜਾ ਦਰਦ ਹੋਣ ਬਾਰੇ ਕਿਹਾ। ਪਰਿਵਾਰ ਦੇ ਮੈਂਬਰਾਂ ਨੇ ਡਾਕਟਰੀ ਸਲਾਹ ਜਾਂ 911 ਕਾਲ ਕਰਨ ਲਈ ਪੁੱਛਿਆ ਪਰ ਦਰਦ ਨੂੰ ਮਾਮੂਲੀ ਜਾਣ ਕੇ ਸ੍ਰੀ ਨਾਗਪਾਲ ਇਸ਼ਨਾਨ ਕਰਨ ਚਲੇ ਗਏ। ਸ਼ਾਵਰ ਵਿੱਚੋਂ ਬਾਹਰ ਆ ਕੇ ਉਹ ਅਚਾਨਕ ਨਿਢਾਲ ਹੋ ਗਏ। 911 ਕਾਲ ਤੋਂ ਬਾਅਦ ਉਹਨਾਂ ਨੂੰ ਜਾਰਜ ਟਾਊਨ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ।

...ਬਾਕੀ ਪੰਨਾ 3 ’ਤੇ

## ਆਪਣਾ ਆਧਾਰ ਗੁਆ ਚੁੱਕੇ ਹਨ ਲਿਬਰਲ, ਕੰਜ਼ਰਵੇਟਿਵਾਂ ਦੀ ਸਥਿਤੀ ਮਜ਼ਬੂਤ : ਸਰਵੇਖਣ



ਓਟਵਾ, 21 ਮਾਰਚ (ਪੋਸਟ ਬਿਊਰੋ) : ਲੈਗਰ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਸੱਤਾਧਾਰੀ ਲਿਬਰਲ ਪਾਰਟੀ ਆਪਣਾ ਆਧਾਰ ਗੁਆ ਚੁੱਕੀ ਹੈ ਤੇ ਇਸ ਦਾ ਸੱਭ ਤੋਂ ਵੱਧ ਫਾਇਦਾ ਕੰਜ਼ਰਵੇਟਿਵਾਂ ਨੂੰ ਹੋ ਸਕਦਾ ਹੈ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਫੈਡਰਲ ਬਜਟ ਤੋਂ ਬਾਅਦ ਕਰਵਾਏ ਗਏ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 31 ਫੀ ਸਦੀ ਲੋਕਾਂ ਨੇ ਆਖਿਆ ਕਿ ਜੇ ਅੱਜ ਹੀ ਚੋਣਾਂ ਹੁੰਦੀਆਂ ਹਨ ਤਾਂ ਉਹ ਅਜੇ ਵੀ ਜਸਟਿਨ ਟਰੂਡੋ ਦੀ ਅਗਵਾਈ ਵਾਲੇ ਲਿਬਰਲਾਂ ਨੂੰ ਹੀ ਵੋਟ ਪਾਉਣਗੇ। ਫਰਵਰੀ ਨਾਲੋਂ ਲਿਬਰਲਾਂ ਨੂੰ ਇੱਥੇ ਤਿੰਨ ਫੀ ਸਦੀ ਅੰਕਾਂ ਦਾ ਚੂਨਾ ਲੱਗਿਆ ਹੈ। ਇਸ ਦੇ ਮੁਕਾਬਲੇ 37 ਫੀ ਸਦੀ ਦਾ ਕਹਿਣਾ ਹੈ ਕਿ ਉਹ ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਹੀ ਚੁਣਨਗੇ। ਇਸ ਹਿਸਾਬ ਨਾਲ ਫਰਵਰੀ ਦੇ ਮੁਕਾਬਲੇ ਕੰਜ਼ਰਵੇਟਿਵਾਂ ਨੂੰ ਇੱਕ ਫੀ ਸਦੀ ਅੰਕ ਦਾ ਫਾਇਦਾ ਹੋ ਰਿਹਾ ਹੈ। 12 ਫੀ ਸਦੀ ਨੇ ਆਖਿਆ ਕਿ ਉਹ ਐਨਡੀਪੀ ਨੂੰ ਵੋਟ ਕਰਨਗੇ ਤੇ ਅੱਠ ਫੀ ਸਦੀ ਨੇ ਗ੍ਰੀਨਜ਼ ਨੂੰ ਵੋਟ ਕਰਨ ਦੀ ਗੱਲ ਮੰਨੀ।

...ਬਾਕੀ ਪੰਨਾ 4 ’ਤੇ

## ਬ੍ਰੈਗਜ਼ਿਟ ਲਈ ਬ੍ਰਿਟੇਨ ਨੂੰ ਯੂਰਪੀਅਨ ਯੂਨੀਅਨ ਨੇ ਦਿੱਤੀ ਥੋੜ੍ਹੀ ਹੋਰ ਮੋਹਲਤ



ਬਰੱਸਲਜ਼, 21 ਮਾਰਚ (ਪੋਸਟ ਬਿਊਰੋ) : ਤਿੰਨ ਸਾਲਾਂ ਤੋਂ ਬ੍ਰੈਗਜ਼ਿਟ ਲਈ ਸੰਘਰਸ਼ ਕਰ ਰਹੇ ਲੰਡਨ ਨੂੰ ਵੀਰਵਾਰ ਨੂੰ ਯੂਰਪੀਅਨ ਯੂਨੀਅਨ ਦੇ ਆਗੂਆਂ ਨੇ ਬਲਾਕ ਤੋਂ ਪਾਸੇ ਹੋਣ ਲਈ ਥੋੜ੍ਹਾ ਹੋਰ ਸਮਾਂ ਦੇ ਦਿੱਤਾ। ਪਰ ਇਸ ਨਾਲ ਮੇਅ ਦੀਆਂ ਮੁਸੀਬਤਾਂ ਅਜੇ ਘੱਟ ਨਹੀਂ ਹੋਈਆਂ।

ਦੁਪਹਿਰ ਤੋਂ ਸ਼ੁਰੂ ਹੋਈ ਮੀਟਿੰਗ, ਜੋ ਕਿ ਡਿਨਰ ਤੱਕ ਚੱਲੀ, ਵਿੱਚ ਬਲਾਕ ਨੇ ਆਖਿਆ ਕਿ ਬ੍ਰਿਟੇਨ 29 ਮਾਰਚ ਨੂੰ ਹੋਣ ਵਾਲੇ ਆਪਣੇ ਤੋੜ ਵਿਛੋੜੇ ਨੂੰ ਮੁਲਤਵੀ ਕਰ ਸਕਦਾ ਹੈ ਬਸ਼ਰਤੇ ਯੂਕੇ ਦੀ ਪਾਰਲੀਆਮੈਂਟ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੀ ਇਸ ਡੀਲ ਉੱਤੇ ਅਗਲੇ ਹਫਤੇ ਮੁਹਰ ਲਾਉਂਦੀ ਹੈ। ਇਸ ਲਈ ਉਸ ਨੂੰ ਹੁਣ 22 ਮਈ ਤੱਕ ਦਾ ਸਮਾਂ ਦਿੱਤਾ ਗਿਆ ਹੈ। ਦੋ ਵਾਰੀ ਰੱਦ ਕੀਤੀ ਜਾ ਚੁੱਕੀ ਇਸ ਡੀਲ ਨੂੰ ਹੁਣ ਜੇ ਤੀਜੀ ਵਾਰੀ ਵੀ ਰੱਦ ਕਰ ਦਿੱਤਾ ਗਿਆ ਤਾਂ ਬਲਾਕ ਨੇ ਆਖਿਆ ਕਿ ਬ੍ਰਿਟੇਨ ਕੋਲ 12 ਅਪਰੈਲ ਤੱਕ ਦਾ ਹੀ ਸਮਾਂ ਹੋਵੇਗਾ ਕਿ ਉਹ ਅਗਲੀ ਕਾਰਵਾਈ ਬਾਰੇ ਦੱਸੇ। ਯੂਰਪੀਅਨ ਕਾਉਂਸਲ ਦੇ ਪ੍ਰੈਜ਼ੀਡੈਂਟ ਡੌਨਲਡ ਟਸਕ ਨੇ ਆਖਿਆ ਕਿ ਮੇਅ ਨੇ ਇਸ ਯੋਜਨਾ ਲਈ ਸਹਿਮਤੀ ਦਿੱਤੀ ਹੈ।

ਬਰੱਸਲਜ਼ ਵਿੱਚ ਯੂਰਪੀਅਨ ਯੂਨੀਅਨ ਸਿਖਰ ਵਾਰਤਾ ਵਿੱਚ ਆਗੂਆਂ ਵਿਚਾਲੇ ਅਸਥਿਰਤਾ ਵਾਲਾ ਮਾਹੌਲ ਸਿਰਫ ਇਸ ਲਈ ਹੀ ਪਾਇਆ ਗਿਆ ਕਿਉਂਕਿ ਬ੍ਰਿਟੇਨ ਵਿੱਚ ਸਿਆਸਤਦਾਨ, ਕਾਰੋਬਾਰੀ ਤੇ ਨਾਗਰਿਕ ਇਸ ਮੁੱਦੇ ਉੱਤੇ ਕਾਫੀ ਫਿਕਰਮੰਦ ਹਨ। ਦੂਜੇ ਪਾਸੇ ਬ੍ਰਿਟੇਨ ਵਿੱਚ ਹਾਊਸ ਆਫ ਕਾਮਨਜ਼ ਵੀ ਇਸ ਮੁੱਦੇ ਨੂੰ ਲੈ ਕੇ ਕਿ ਯੂਰਪੀਅਨ ਯੂਨੀਅਨ ਨੂੰ ਛੱਡਿਆ ਜਾਵੇ ਜਾਂ ਨਾ, ਵੰਡਿਆ ਹੋਇਆ ਹੈ। ਦੋ ਵਾਰੀ ਇਸ ਡੀਲ ਨੂੰ ਰੱਦ ਕੀਤਾ ਜਾ ਚੁੱਕਿਆ ਹੈ।

## ਅੰਦਰ ਪੜ੍ਹੋ

ਮੋਦੀ ਫਿਰ ਵਾਰਾਣਸੀ ਤੋਂ ਚੋਣ ਲੜਨਗੇ, ਅਮਿਤ ਸ਼ਾਹ ਗਾਂਧੀਨਗਰ ਤੋਂ ਦਿੱਲੀ ਦਾ ਰਾਹ ਕੱਢਣਗੇ


ਪੰਨਾ 03

ਬ੍ਰਿਟੇਨ ਦੀਆਂ 5 ਮਸਜਿਦਾਂ ਵਿੱਚ ਭੰਨਤੋੜ, ਪੁਲਸ ਵੱਲੋਂ ਜਾਂਚ ਸ਼ੁਰੂ


ਪੰਨਾ 04

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home, Auto, Business, Trucking, R.E.S.P, Commercial
647-206-2452 Sukhwinder K Singh
CONEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate-Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com | Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080 shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



PUNJAB SINDH FINANCE
TRUCK/TRAILER LOAN & REFINANCE
PUNJABSINDH FINANCE — EVERY ... MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



JR Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556

Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.



ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops





We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਤੁਰ ਗਿਆ ਚਾਚੇ ਨੂੰ ਛੱਡ ਭਤੀਜ ਜਿਹੜਾ,
ਜੁੜਿਆ ਬਾਦਲ ਦੀ ਪਾਰਟੀ ਨਾਲ ਮਿੱਤਰ।
ਕਰ ਕੇ ਪਹਿਲਾ ਹਵੇਲੀ ਵਿੱਚ ਚੋਣ ਜਲਸਾ,
ਮਗਰੋਂ ਦਿੱਤੀ ਗਈ ਦਾਰੂ ਪਿਆਲ ਮਿੱਤਰ।
ਲੱਗਿਆ ਹੋਇਆ ਸੀ ਜ਼ਾਬਤਾ ਚੋਣ ਵਾਲਾ,
ਇਹ ਵੀ ਰੱਖਿਆ ਬਹੁਤ ਖਿਆਲ ਮਿੱਤਰ।
ਚਾਹ ਦਿਆਂ ਕੱਪਾਂ ਦੇ ਵਿੱਚ ਸੀ ਪਾਈ ਦਾਰੂ,
ਚੱਲੀ ਚੁਸਤ ਗਈ ਬੜੀ ਸੀ ਚਾਲ ਮਿੱਤਰ।
ਬਣਨੋਂ ਰਿਹਾ ਨਹੀਂ ਕੇਸ ਜਿਹਾ ਜ਼ਾਬਤੇ ਦਾ,
ਅੰਦਰੋਂ ਖੇਡ ਗਿਆ ਕੋਈ ਹੈ ਦਾਅ ਮਿੱਤਰ।
ਬਣ ਗਿਆ ਕੇਸ, ਜ਼ਮਾਨਤ ਦੀ ਦੌੜ ਲੱਗੀ,
ਹੋਇਆ ਚੌੜ-ਚੁਪੱਟ ਪਿਆ ਚਾਅ ਮਿੱਤਰ।

ਤੀਸ ਮਾਰ ਖਾਂ

# ਮੋਦੀ ਫਿਰ ਵਾਰਾਣਸੀ ਤੋਂ ਚੋਣ ਲੜਨਗੇ, ਅਮਿਤ ਸ਼ਾਹ ਗਾਂਧੀਨਗਰ ਤੋਂ ਦਿੱਲੀ ਦਾ ਰਾਹ ਕੱਢਣਗੇ

### * ਭਾਜਪਾ ਵੱਲੋਂ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

ਨਵੀਂ ਦਿੱਲੀ, 21 ਮਾਰਚ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਇਸ ਵਾਰ ਪਾਰਲੀਮੈਂਟ ਚੋਣਾਂ ਦੇ ਲਈ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਅੱਜ ਜਾਰੀ ਕਰ ਦਿੱਤੀ ਹੈ ਤੇ ਇਸ ਵਿੱਚ ਪਹਿਲੇ 182 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਵੀ ਸ਼ਾਮਲ ਹੈ।



ਅੱਜ ਏਥੇ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਜੇ ਪੀ ਨੱਢਾ ਨੇ ਪਹਿਲੀ ਸੂਚੀ ਜਾਰੀ ਕਰਦੇ ਹੋਏਜਾਣਕਾਰੀ ਦਿੱਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਾਰੀ ਫਿਰ ਉੱਤਰ ਪ੍ਰਦੇਸ਼ ਦੇ ਆਪਣੇ ਮੌਜੂਦਾ ਹਲਕੇ ਵਾਰਾਣਸੀ ਤੋਂ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਲਖਨਊ ਤੋਂ ਚੋਣ ਲੜਨਗੇ, ਜਦ ਕਿ ਭਾਜਪਾ ਪ੍ਰਧਾਨ ਅਮਿਤ ਸ਼ਾਹ ਗਾਂਧੀਨਗਰ ਤੋਂ ਦਿੱਲੀ ਦਾ ਰਾਹ ਕੱਢਣਗੇ। ਭਾਜਪਾ ਦੇ ਸਾਬਕਾ ਪ੍ਰਧਾਨ ਨਿਤਿਨ ਗਡਕਰੀ ਨਾਗਪੁਰ ਤੋਂਹੀ ਚੋਣ ਲੜਨਗੇ। ਅੱਜ ਵੀਰਵਾਰ ਸ਼ਾਮ ਨੂੰ ਭਾਜਪਾ ਦੇ ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਜੇਪੀ ਨੱਢਾ ਵੱਲੋਂ ਪਾਰਟੀ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਉਮੀਦਵਾਰਾਂ ਦੇ ਨਾਂਵਾਂ ਨੂੰ ਪ੍ਰਵਾਨ ਕਰਨ ਲਈ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਕਈ ਵਾਰ ਬੈਠਕਾਂ ਕਰ ਚੁੱਕੀ ਹੈ। ਇੱਕ ਦਿਨ ਪਹਿਲਾਂ ਬੁਧਵਾਰ ਨੂੰ ਭਾਜਪਾ ਕੇਂਦਰੀ ਚੋਣ ਕਮੇਟੀ ਦੀ ਬੈਠਕ ਵਿੱਚ ਪੱਛਮੀ ਬੰਗਾਲ ਦੇ ਉਮੀਦਵਾਰਾਂ ਦੇ ਨਾਂ ਪ੍ਰਵਾਨ ਕੀਤੇ ਗਏ ਸਨ। ਜਾਰੀ ਕੀਤੀ ਗਈ ਸੂਚੀ ਮੁਤਾਬਕ ਹੇਮਾ ਮਾਲਿਨੀ ਨੂੰ ਮਥੁਰਾ ਤੋਂ ਫਿਰ ਚੋਣ ਲੜਾਈ ਜਾਵੇਗੀ ਤੇ ਪਿਛਲੀ ਵਾਰੀ ਰਾਹੁਲ ਗਾਂਧੀ ਦੇ ਮੁਕਾਬਲੇ ਅਮੇਠੀ ਤੋਂ ਚੋਣ ਲੜ ਕੇ ਹਾਰ ਚੁੱਕੀ ਸਮ੍ਰਿਤੀ ਇਰਾਨੀ ਨੂੰ ਮੇਰਠਵਿੱਚੋਂ ਚੋਣ ਲੜਨ ਦਾ ਮੌਕਾ ਦਿੱਤਾ ਜਾਵੇਗਾ। ਭਾਰਤੀ ਫੌਜ ਦੇ ਸਾਬਕਾ ਕਮਾਂਡਰ ਤੇ ਅਜੋਕੇ ਕੇਂਦਰੀ ਰਾਜ ਮੰਤਰੀ ਜਨਰਲ ਵੀ ਕੇ ਸਿੰਘ ਗਾਜ਼ੀਆਬਾਦ, ਕੇਂਦਰੀ ਮੰਤਰੀ ਰਾਜਵਰਧਨ ਸਿੰਘ ਰਾਠੌੜ ਜੈਪੁਰ (ਪੇਂਡੂ), ਪੱਛਮੀ ਬੰਗਾਲ ਵਿਚਲੇਆ-ਸਨਸੋਲ ਹਲਕੇ ਤੋਂ ਬਾਬੁਲ ਸੁਪ੍ਰੀਓ, ਅਰੁਣਾਚਲ ਪ੍ਰਦੇਸ਼ (ਪੂਰਬ) ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜੂ ਚੋਣ ਲੜਨਗੇ। ਭਾਜਪਾ ਦੇ ਹਿੰਦੂਤੱਵੀ ਸੰਤ ਵਜੋਂ ਜਾਣੇ ਜਾਂਦੇ ਸਾਕਸ਼ੀ ਮਹਾਰਾਜ ਨੂੰ ਫਿਰ ਉੱਤਰ ਪ੍ਰਦੇਸ਼ ਦੇ ਉਨਾਵ ਹਲਕੇ ਤੋਂ ਅਤੇ ਕੇਂਦਰੀ ਮੰਤਰੀ ਸਤਪਾਲ ਸਿੰਘ ਨੂੰ ਬਾਗਪਤ ਤੋਂਚੋਣ ਲੜਾਈ ਜਾਵੇਗੀ।

ਦਿਲਚਸਪੀ ਵਾਲਾ ਤੱਥ ਇਹ ਹੈ ਕਿ ਭਾਜਪਾ ਦੀ ਇਸ ਸੂਚੀ ਵਿੱਚ ਪਾਰਟੀ ਦੇ ਸਭ ਤੋਂ ਸੀਨੀਅਰ ਆਗੂ ਅਤੇ ਦੇਸ਼ ਦੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਆਡਵਾਨੀ ਦਾ ਨਾਮ ਹੀ ਨਹੀਂ ਹੈ। ਜੇ ਪੀ ਨੱਢਾ ਨੇ ਇਸ ਬਾਰੇ ਕੁਝ ਵੀ ਨਹੀਂ ਦੱਸਿਆ, ਪਰ ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਆਡਵਾਨੀ ਦੀ ਟਿਕਟ ਕੱਟ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇੱਕ ਹੋਰ ਸੀਨੀਅਰ ਆਗੂ ਤੇ ਪਾਰਟੀ ਦੇ ਸਾਬਕਾ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਦਾ ਨਾਮ ਵੀ ਇਸ ਸੂਚੀ ਵਿੱਚ ਨਹੀਂ ਹੈ ਤੇ ਲੱਗਦਾ ਹੈ ਕਿ ਉਨ੍ਹਾਂ ਦੀ ਵੀ ਟਿਕਟ ਕੱਟ ਦਿੱਤੀ ਗਈ ਹੈ।ਬਿਹਾਰ ਤੋਂਭਾਜਪਾ 17 ਸੀਟਾਂ ਉਤੇ ਚੋਣਾਂ ਲੜਨ ਵਾਲੀ ਹੈ, ਪਰ ਉਸ ਰਾਜ ਵਿੱਚੋਂ ਉਮੀਦਵਾਰਾਂ ਦੇ ਨਾਵਾਂ ਦਾ ਕੋਈ ਐਲਾਨ ਨਹੀਂ ਕੀਤਾ ਗਿਆ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047


# ਮਸਜਿਦਾਂ ਉੱਤੇ ਹੋਏ ਹਮਲੇ ਤੋਂ ਬਾਅਦ ਨਿਊਜ਼ੀਲੈਂਡ ਨੇ ਲਾਈ ਹਥਿਆਰਾਂ ਉੱਤੇ ਪਾਬੰਦੀ



ਕ੍ਰਾਈਸਟਚਰਚ, ਨਿਊਜ਼ੀਲੈਂਡ, 21 ਮਾਰਚ (ਪੋਸਟ ਬਿਊਰੋ) : ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਵੀਰਵਾਰ ਨੂੰ ਸੈਮੀ-ਆਟੋਮੈਟਿਕ ਤੇ ਆਟੋਮੈਟਿਕ ਹਥਿਆਰਾਂ ਉੱਤੇ ਫੌਰਨ ਪਾਬੰਦੀ ਲਾਏ ਜਾਣ ਦਾ ਐਲਾਨ ਕੀਤਾ। ਇਨ੍ਹਾਂ ਹਥਿਆਰਾਂ ਉੱਤੇ ਇਸ ਲਈ ਪਾਬੰਦੀ ਲਾ ਦਿੱਤੀ ਗਈ ਹੈ ਕਿਉਂਕਿ ਅਜਿਹੇ ਹੀ ਹਥਿਆਰਾਂ ਦੀ ਵਰਤੋਂ ਕ੍ਰਾਈਸਟਚਰਚ ਦੀਆਂ ਦੋ ਮਸਜਿਦਾਂ ਉੱਤੇ ਹੋਏ ਹਮਲੇ, ਜਿਸ ਵਿੱਚ 50 ਸ਼ਰਧਾਲੂ ਮਾਰੇ ਗਏ ਸਨ, ਵਿੱਚ ਕੀਤੀ ਗਈ ਸੀ।

ਆਰਡਰਨ ਨੇ ਆਖਿਆ ਕਿ ਹਮਲਾਵਰ ਨੇ ਬਾਕਾਇਦਾ ਹਥਿਆਰਾਂ ਲਈ ਕਾਨੂੰਨੀ ਤੌਰ ਉੱਤੇ ਲੋੜੀਂਦੇ ਲਾਇਸੰਸ ਦੀ ਵਰਤੋਂ ਕਰਦਿਆਂ ਹੋਇਆਂ ਹਮਲੇ ਵਿੱਚ ਵਰਤੇ ਗਏ ਹਥਿਆਰ ਖਰੀਦੇ ਸਨ। ਉਸ ਨੇ 30 ਰੌਂਦ ਵਾਲੇ ਮੈਗਜ਼ੀਨ ਪਾ ਕੇ ਉਨ੍ਹਾਂ ਹਥਿਆਰਾਂ ਦੀ ਸਮਰੱਥਾ ਵਧਾ ਲਈ। ਅਜਿਹਾ ਉਸ ਨੇ ਆਨਲਾਈਨ ਖਰੀਦਦਾਰੀ ਰਾਹੀਂ ਆਰਾਮ ਨਾਲ ਕਰ ਲਿਆ। ਉਨ੍ਹਾਂ ਆਖਿਆ ਕਿ ਸ਼ੁੱਕਰਵਾਰ ਨੂੰ ਹੋਏ ਅੱਤਵਾਦੀ ਹਮਲੇ ਵਿੱਚ ਵਰਤੇ ਗਏ ਹਰ ਤਰ੍ਹਾਂ ਦੇ ਸੈਮੀ ਆਟੋਮੈਟਿਕ ਹਥਿਆਰਾਂ ਉੱਤੇ ਹੁਣ ਪਾਬੰਦੀ ਲਾਈ ਜਾਵੇਗੀ।

ਇੱਕ ਗੋਰੇ ਤੇ ਖੁਦ ਨੂੰ ਸਰਬਉੱਚ ਮੰਨਣ ਵਾਲੇ ਆਸਟਰੇਲੀਆਈ ਬ੍ਰੈਂਟਨ ਹੈਰੀਸਨ ਟੈਰੈਂਟ ਵੱਲੋਂ ਇਹ ਹਮਲਾ ਕੀਤਾ ਗਿਆ ਸੀ ਤੇ ਉਸ ਨੂੰ ਪੁਲਿਸ ਵੱਲੋਂ ਉਦੋਂ ਕਾਬੂ ਕਰ ਲਿਆ ਗਿਆ ਜਦੋਂ ਉਹ ਤੀਜੀ ਥਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਜਾ ਰਿਹਾ ਸੀ। ਉਸ ਨੇ ਆਪਣੇ ਵੱਲੋਂ ਕੀਤੇ ਗਏ ਦੋਵਾਂ ਹਮਲਿਆਂ ਦੀ ਲਾਈਵ ਮੂਵੀ ਬਣਾ ਕੇ ਉਸ ਨੂੰ ਫੇਸਬੁੱਕ ਉੱਤੇ ਪਾਇਆ ਸੀ ਤੇ ਫਿਰ ਉਸ ਨੇ ਇਹ ਵੀ ਮੰਨਿਆ ਸੀ ਕਿ ਉਸ ਨੇ ਤਿੰਨ ਮਸਜਿਦਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਸੀ। 28 ਸਾਲਾ ਟੈਰੈਂਟ ਨੂੰ ਹੁਣ 5 ਅਪਰੈਲ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਟੈਰੈਂਟ ਹੀ ਇੱਕਮਾਤਰ ਹਮਲਾਵਰ ਸੀ ਪਰ ਫਿਰ ਵੀ ਉਨ੍ਹਾਂ ਵੱਲੋਂ ਮਾਮਲੇ ਦੀ ਹੋਰ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

### ਪੰਜਾਬੀ ਪੋਸਟ ਮਾਰਕੀਟਿੰਗ ਟੀਮ ਦੇ ਰੂਹ-ਏ-ਰਵਾਂ ਸਰਦਾਰ ਹਰਬੇਲ ਸਿੰਘ ਨਾਗਪਾਲ ਦਾ ਅੰਤਿਮ ਸਸਕਾਰ ਐਤਵਾਰ ਨੂੰ

...ਪੰਨਾ 1 ਦਾ ਬਾਕੀ

ਸ੍ਰੀ ਨਾਗਪਾਲ 2010 ਵਿੱਚ ਆਪਣੇ ਬੇਟੇ ਐਸ ਡੀ ਨਾਗਪਾਲ ਵੱਲੋਂ ਸਪਾਂਪਰ ਹੋ ਕੇ ਕੈਨੇਡਾ ਆਏ ਸਨ ਅਤੇ ਉਸ ਵੇਲੇ ਤੋਂ ਹੀ ਪੰਜਾਬੀ ਪੋਸਟ ਟੀਮ ਦਾ ਅਨਿੱਖੜਵਾਂ ਅੰਗ ਬਣੇ ਰਹੇ ਸਨ। ਉਹ ਆਪਣੇ ਪਿੱਛੇ ਪਤਨੀ ਬੀਬੀ ਜੁਗਿੰਦਰ ਕੌਰ ਨਾਗਪਾਲ, ਬੇਟਾ ਐਸ ਪੀ ਨਾਗਪਾਲ ਅਤੇ ਬੇਟੀ ਗੁਰਪ੍ਰੀਤ ਕੌਰ (ਮੁਹਾਲੀ, ਪੰਜਾਬ ਵਾਸੀ) ਛੱਡ ਗਏ ਹਨ। ਸ੍ਰੀ ਨਾਗਪਾਲ ਦੇ ਅੰਤਮ ਸੰਸਕਾਰ ਦੀਆਂ ਰਸਮਾਂ 24 ਮਾਰਚ ਦਿਨ ਐਤਵਾਰ ਨੂੰ ਬਰੈਮਵਿਨ ਕੋਰਟ ਉੱਤੇ ਸਥਿਤ ਬਰੈਂਪਟਨ ਫਿਊਨਰਲ ਅਤੇ ਕਰੈਮੇਟੋਰੀਅਮ ਵਿਖੇ ਦੁਪਿਹਰ 12 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਹੋਣਗੀਆਂ। ਇਸ ਉਪਰੰਤ ਉਹਨਾਂ ਨਮਿੱਤ ਪਾਠ ਦਾ ਭੋਗ ਅਤੇ ਅਰਦਾਸ ਬਰੈਂਪਟਨ ਵਿੱਚ ਸਨਪੈਕ ਬੂਲੇਬਵਾਰਡ ਉੱਤੇ ਸਥਿਤ ਗੁਰਦੁਆਰਾ ਜੋਤ ਪ੍ਰਕਾਸ਼ ਵਿਖੇ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮੀ ਸਾਢੇ ਪੰਜ ਵਜੇ ਤੱਕ ਹੋਵਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਤਿੰਦਰਪਾਲ (ਐਸ ਪੀ) ਨਾਗਪਾਲ 416-709-4525 ਜਾਂ ਕਰਨਜੀਤ ਸਿੰਘ ਹੁੰਦਲ 647-401-7866 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਬ੍ਰਿਟੇਨ ਦੀਆਂ 5 ਮਸਜਿਦਾਂ ਵਿੱਚ ਭੰਨਤੋੜ, ਪੁਲਸ ਵੱਲੋਂ ਜਾਂਚ ਸ਼ੁਰੂ







ਲੰਡਨ, 21 ਮਾਰਚ, (ਪੋਸਟ ਬਿਊਰੋ)- ਬ੍ਰਿਟੇਨ ਦੇ ਮਿਡਲੈਂਡਸ ਵਿੱਚ ਬਰਮਿੰਘਮ ਸ਼ਹਿਰ ਦੀਆਂ 5 ਮਸਜਿਦਾਂ ਉੱਤੇ ਰਾਤ ਦੇ ਸਮੇਂ ਹਮਲਾ ਕੀਤਾ ਗਿਆ ਹੈ। ਇਸਤੋਂ ਬਾਅਦ ਅੱਤਵਾਦ ਰੋਕੂ ਯੂਨਿਟ ਦੇ ਅਧਿਕਾਰੀਆਂ ਤੇ ਸਥਾਨਕ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਕਈ ਤਰ੍ਹਾਂ ਦੇ ਸ਼ੱਕ ਉੱਤੇ ਕੰਮ ਹੋ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਮਿਡਲੈਂਡਸ ਪੁਲਸ ਨੂੰ ਖਬਰ ਮਿਲੀ ਸੀ ਕਿ ਇਕ ਆਦਮੀ ਬਰਚਫੀਲਡ ਰੋਡ ਉੱਤੇ ਜਾਮਾ ਮਸਜਿਦ ਦੀਆਂ ਖਿੜਕੀਆਂ ਤੋੜ ਰਿਹਾ ਹੈ। ਉਸ ਤੋਂ ਕੁਝ ਦੇਰ ਬਾਅਦ ਸ਼ਹਿਰ ਦੇ ਐਡਿੰਗਟਨ ਇਲਾਕੇ ਵਿੱਚ ਇਕ ਮਸਜਿਦ ਉੱਤੇਇਹੋ ਕੁਝ ਹੋਣ ਦੀ ਖਬਰ ਮਿਲੀ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਹਮਲਿਆਂ ਦਾ ਆਪੋ ਵਿੱਚ ਸਬੰਧ ਹੈ। ਅੱਤਵਾਦ ਰੋਕੂ ਫੋਰਸ ਨੇ ਮਸਜਿਦਾਂ ਅਤੇ ਇਲਾਕਿਆਂ ਵਿੱਚ ਗਸ਼ਤ ਕਰਨੀ ਸ਼ੁਰੂ ਕੀਤੀ ਅਤੇ ਹੋਰ ਖੇਤਰਾਂ ਵਿੱਚ ਇਸਲਾਮ ਦੀਆਂ ਧਾਰਮਿਕ ਥਾਂਵਾਂ ਦੀ ਚੌਕਸ ਵਧਾ ਦਿੱਤੀ ਗਈ। ਵਰਨਣ ਯੋਗ ਹੈ ਕਿ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਵਿੱਚ ਹੋਏ ਹਮਲੇ ਵਿੱਚ ਪਿਛਲੇ ਸ਼ੁੱਕਰਵਾਰ50 ਲੋਕਾਂ ਦੀ ਜਾਨ ਚਲੀ ਗਈ ਸੀ।

ਬ੍ਰਿਟੇਨ ਦੇ ਵੈਸਟ ਮਿਡਲੈਂਡਸ ਦੇ ਪੁਲਸ ਦੇ ਚੀਫ ਕਾਂਸਟੇਬਲ ਨੇ ਕਿਹਾ ਕਿ ਮੈਂ ਕਹਿ ਸਕਦਾ ਹਾਂ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਦਾ ਪਤਾ ਲਾਉਣ ਲਈ ਪੁਲਸ ਅਤੇ ਅੱਤਵਾਦੀ ਰੋਕੂ ਯੂਨਿਟ ਆਪੋ ਵਿੱਚ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਮਸਜਿਦਾਂ, ਚਰਚਾਂ ਅਤੇ ਪ੍ਰਾਰਥਨਾ ਦੀਆਂ ਹੋਰਨਾਂ ਥਾਂਵਾਂ ਨੂੰ ਸੁਰੱਖਿਆ ਦੇਣ ਦਾ ਭਰੋਸਾ ਅਤੇ ਸਮਰਥਨ ਦਿੱਤਾ ਜਾ ਸਕੇ। ਪੁਲਸ ਮੁਖੀ ਨੇ ਆਖਿਆ ਕਿ ਸਾਡੇ ਸਮਾਜ ਵਿੱਚ ਇਸ ਤਰ੍ਹਾਂ ਦੇ ਹਮਲਿਆਂ ਲਈ ਕੋਈ ਥਾਂ ਨਹੀਂਹੁੰਦੀ ਤੇ ਇਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਮੈਂ ਲੋਕਾਂ ਨੂੰ ਫਿਰ ਇਹ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਵੈਸਟ ਮਿਡਲੈਂਡਸ ਪੁਲਸ ਇਸ ਤਰ੍ਹਾਂ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਉਹ ਸਭ ਕੁਝ ਕਰ ਰਹੀ ਹੈ, ਜੋ ਹੋ ਸਕਦਾ ਹੈ।

# ਪ੍ਰਿਅੰਕਾ ਗਾਂਧੀ ਦੇ ਖਿਲਾਫ ਯੂ ਪੀ ਵਿੱਚ ਤਿਰੰਗੇ ਦੇ ਅਪਮਾਨ ਕਰਨ ਦੀ ਸ਼ਿਕਾਇਤ

### * ਦਿੱਲੀ ਪੁਲਿਸ ਨੂੰ ਅਰਜ਼ੀ ਦਿੱਤੀ ਗਈ



ਨਵੀਂ ਦਿੱਲੀ, 21 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਰਾਜਨੀਤੀ ਵਿੱਚ ਸਰਗਰਮ ਹੋਣਤੋਂ ਬਾਅਦ ਇਸ ਵਾਰ ਦੀਆਂ ਪਾਰਲੀਮੈਂਟ ਚੋਣਾਂ ਦੇ ਮੱਦੇਨਜ਼ਰ ਉੱਤਰ ਪ੍ਰਦੇਸ਼ ਵਿੱਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੀ ਪ੍ਰਿਅੰਕਾ ਗਾਂਧੀ ਦੁਆਲੇ ਵੱਡੀ ਮੁਸ਼ਕਲ ਬਣੀ ਨਜ਼ਰ ਆ ਰਹੀ ਹੈ। ਅਸਲ ਵਿੱਚ ਦੇਸ਼ ਦੇ ਕੌਮੀ ਝੰਡੇ ਦੇ ਅਪਮਾਨ ਦਾ ਦੋਸ਼ ਲਾ ਕੇ ਕਾਂ-ਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਦੇ ਖ਼ਿਲਾਫ਼ ਬੁੱਧਵਾਰ ਨੂੰ ਦਿੱਲੀ ਦੇ ਬਵਾਨਾ ਥਾਣੇ ਵਿੱਚ ਸ਼ਿਕਾਇਤ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ਿਕਾਇਤ ਵਿੱਚ ਪੇਸ਼ੇ ਤੋਂ ਵਕੀਲ ਪ੍ਰਵੇਸ਼ ਡਬਾਸ ਨੇ ਪ੍ਰਿਅੰਕਾ ਗਾਂਧੀ ਉੱਤੇ ਬਨਾਰਸ ਨੂੰ ਜਾਣ ਲਈ'ਗੰਗਾ ਯਾਤਰਾ' ਦੌਰਾਨ ਤਿਰੰਗੇ ਦੇ ਅਪਮਾਨ ਦਾ ਦੋਸ਼ ਲਾਇਆ ਹੈ। ਥਾਣੇ ਨੂੰ ਦਿੱਤੀ ਸ਼ਿਕਾਇਤ ਵਿੱਚਪ੍ਰਵੇਸ਼ ਡਬਾਸ ਨੇ ਦੋਸ਼ ਲਾਇਆ ਹੈ ਕਿ ਪ੍ਰਿਅੰਕਾ ਗਾਂਧੀ ਨੇ 3 ਦਿਨ ਪ੍ਰਯਾਗਰਾਜ ਤੋਂ ਸੰਗਤ ਤਕਆਪਣੀ ਗੰਗਾ ਯਾਤਰਾ ਦੌਰਾਨ ਤਿਰੰਗੇ ਦਾ ਅਪਮਾਨ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇਸ ਯਾਤਰਾ ਮੌਕੇਪ੍ਰਿਅੰਕਾ ਦੀ ਕਿਸ਼ਤੀ ਨੂੰ ਤਿਰੰਗੇ ਨਾਲ ਚਾਰੇ ਪਾਸਿਉਂ ਕਵਰ ਕੀਤਾ ਗਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸ਼ਤੀ ਦੀ ਛੱਤ, ਅੱਗੇ-ਪਿੱਛੇ ਅਤੇ ਪਾਸਿਆਂ ਦੇ ਹਿੱਸੇ ਨੂੰ ਵੀ ਤਿਰੰਗੇ ਦੇ ਰੰਗਾਂ ਨਾਲ ਕਵਰ ਕੀਤਾ ਗਿਆ ਸੀ ਅਤੇ ਯਾਤਰਾ ਦੌਰਾਨ ਗੰਗਾ ਦੇ ਕਿਨਾਰੇ ਲੱਗੇ ਬੈਰੀਕੇਡਸ ਉੱਤੇ ਵੀ ਤਿਰੰਗੇ ਦੀ ਵਰਤੋਂ ਕੀਤੀ ਗਈ ਸੀ, ਜਿਸ ਦੌਰਾਨ ਤਿਰੰਗਾ ਜ਼ਮੀਨ ਦੇ ਨਾਲ ਪਾਣੀ ਵਿੱਚ ਵੀ ਲੱਗਦਾ ਰਿਹਾ ਸੀ।

ਪ੍ਰਵੇਸ਼ ਡਬਾਸ ਦੇ ਅਨੁਸਾਰ ਇਹ ਕੌਮੀ ਝੰਡੇ ਤਿਰੰਗੇ ਦੇ ਅਪਮਾਨ ਦਾ ਮਾਮਲਾ ਬਣਦਾ ਹੋਣ ਕਾਰਨ ਪ੍ਰਿਅੰਕਾ ਗਾਂਧੀ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕਾਂਗਰਸ ਜਨਰਲ ਸਕੱਤਰ ਤੇ ਪੂਰਬੀ ਉੱਤਰ ਪ੍ਰਦੇਸ਼ ਦੀ ਇੰਚਾਰਜ ਪ੍ਰਿਅੰਕਾ ਗਾਂਧੀ ਆਪਣੀ ਗੰਗਾ ਯਾਤਰਾ ਦੇ ਅੰਤਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਲੀਮੈਂਟਰੀ ਹਲਕੇ ਵਾਰਾਣਸੀ ਵਿੱਚ ਪਹੁੰਚੀ ਸੀ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਹਮਲਾ ਕਰਦੇ ਹੋਏ ਕਿਹਾ ਸੀ, 'ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨੂੰ ਇਹ ਸੋਚ ਛੱਡ ਦੇਣੀ ਚਾਹੀਦੀ ਹੈ ਕਿ ਇਸ ਦੇਸ਼ ਦੇ ਲੋਕ ਬੇਵਕੂਫ ਹਨ, ਪ੍ਰਧਾਨ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਲੋਕ ਸਭ ਸਮਝ ਰਹੇ ਹਨ।'

# ਭਾਰਤ ਦੀ ਸੌ ਕਰੋੜ ਆਬਾਦੀ ਜਲ ਸੰਕਟ ਦੇ ਖੇਤਰ ਵਿੱਚ



ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕਰੀਬ ਇੱਕ ਅਰਬ ਆਬਾਦੀ ਉਸ ਖੇਤਰ ਵਿੱਚ ਹੈ ਜਿੱਥੇ ਪਾਣੀ ਦੀ ਘਾਟ ਹੈ ਅਤੇ ਇਸ ਆਬਾਦੀ ਦੇ ਸੱਠ ਲੱਖ ਲੋਕ ਉਨ੍ਹਾਂ ਖੇਤਰਾਂ ਵਿੱਚ ਹਨ, ਜਿੱਥੇ ਪਾਣੀ ਦਾ ਭਾਰੀ ਸੰਕਟ ਹੈ।

ਇੱਕ ਚੈਰਿਟੀ ਸੰਗਠਨ ਵਾਟਰਏਡ ਦੀ ਰਿਪੋਰਟ ਅਨੁਸਾਰ ਦੁਨੀਆ ਦੀ ਚਾਰ ਸੌ ਕਰੋੜ ਆਬਾਦੀ ਪਾਣੀ ਦੀ ਘਾਟ ਵਾਲੇ ਖੇਤਰ ਵਿੱਚ ਵੱਸਦੀ ਹੈ, ਜਿੱਥੇ ਸਾਲ ਦੇ ਕੁਝ ਦਿਨ ਪਾਣੀ ਦੀ ਮੰਗ ਉਸ ਦੀ ਸਪਾਲਈ ਦੇ ਮੁਕਾਬਲੇ ਬਥੇਰੀ ਰਹਿੰਦੀ ਹੈ। ਰਿਪੋਰਟ 'ਬਿਨੀਥ ਦਿ ਸਰਫੇਸ' ਦੇ ਮੁਤਾਬਕ 2050 ਤੱਕ ਇਹੋ ਜਿਹੀ ਆਬਾਦੀ ਵਧ ਕੇ ਪੰਜ ਸੌ ਕਰੋੜ ਹੋ ਜਾਵੇਗੀ। ਵਿਸ਼ਵ ਜਲ ਦਿਵਸ 22 ਮਾਰਚ ਨੂੰ ਟੀਚਾ ਮਿਥ ਕੇ 'ਸਟੇਟ ਆਫ ਦਿ ਵਰਲਡ ਵਾਟਰ 2019' ਜਾਰੀ ਕੀਤੀ ਰਿਪੋਰਟ ਦੇ ਅਨੁਸਾਰ ਜਲ ਸਰੋਤਾਂ ਦੀ ਵਧਦੀ ਮੰਗ ਅਤੇ ਜਲਵਾਯੂ ਤੇ ਅਬਾਦੀ ਵਿੱਚ ਹੁੰਦੀ ਤਬਦੀਲੀ ਨਾਲ ਪਾਣੀ ਦਾ ਸੰਕਟ ਵਧਦਾ ਜਾਂਦਾ ਹੈ। ਦੱਸਿਆ ਗਿਆ ਹੈ ਕਿ 2040 ਤੱਕ ਦੁਨੀਆ ਦੇ 33 ਦੇਸ਼ ਜਿਨ੍ਹਾਂ ਵਿੱਚ ਉੱਤਰੀ ਅਫਰੀਕੀ ਦੇਸ਼, ਪਾਕਿਸਤਾਨ, ਤੁਰਕੀ, ਅਫਗਾਨਿਸਤਾਨ ਅਤੇ ਸਪੇਨ ਸ਼ਾਮਲ ਹਨ, ਵਿੱਚ ਜਲ ਸੰਕਟ ਕਾਫੀ ਗਹਿਰਾ ਹੋ ਸਕਦਾ ਹੈ। ਇਨ੍ਹਾਂ ਵਿੱਚ ਮੱਧ-ਪੂਰਬ ਦੇ 15 ਦੇਸ਼ਾਂ ਦੇ ਇਲਾਵਾ ਭਾਰਤ, ਚੀਨ ਦੱਖਣੀ ਅਫਰੀਕਾ, ਅਮਰੀਕਾ ਅਤੇ ਆਸਟਰੇਲੀਆ ਪਾਣੀ ਦਾ ਘੋਰ ਸੰਕਟ ਦਾ ਸਾਹਮਣਾ ਕਰਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਹਨ।

# ਆਪਣਾ ਆਧਾਰ ਗੁਆ ਚੁੱਕੇ ਹਨ ਲਿਬਰਲ, ਕੰਜ਼ਰਵੇਟਿਵਾਂ ਦੀ ਸਥਿਤੀ ਮਜ਼ਬੂਤ : ਸਰਵੇਖਣ

...ਪੰਨਾ 1 ਦਾ ਬਾਕੀ

ਇਹ ਪੁੱਛੇ ਜਾਣ ਉੱਤੇ ਕਿ ਪ੍ਰਧਾਨ ਮੰਤਰੀ ਵਜੋਂ ਬਿਹਤਰ ਆਗੂ ਕੌਣ ਹੋ ਸਕਦਾ ਹੈ ਤਾਂ ਇਸ ਮਾਮਲੇ ਵਿੱਚ ਵੀ 25 ਫੀ ਸਦੀ ਸਮਰਥਨ ਹਾਸਲ ਕਰਕੇ ਸ਼ੀਅਰ ਬਾਜ਼ੀ ਮਾਰ ਗਏ ਜਦਕਿ ਟਰੂਡੋ ਨੂੰ 24 ਫੀ ਸਦੀ ਵੋਟ ਹੀ ਮਿਲੇ। ਜ਼ਿਕਰਯੋਗ ਹੈ ਕਿ ਟਰੂਡੋ ਐਸਐਨਸੀ-ਲਾਵਾਲਿਨ ਮਾਮਲੇ ਕਾਰਨ ਪਾਰਟੀ ਤੇ ਉਨ੍ਹਾਂ ਦੇ ਆਪਣੇ ਅਕਸ ਨੂੰ ਲੱਗ ਰਹੀ ਢਾਹ ਨਾਲ ਸੰਘਰਸ਼ ਕਰ ਰਹੇ ਹਨ। ਲਿਬਰਲਾਂ ਨੂੰ ਪੂਰੀ ਆਸ ਸੀ ਕਿ ਬਜਟ ਤੋਂ ਬਾਅਦ ਐਸਐਨਸੀ-ਲਾਵਾਲਿਨ ਤੋਂ ਉਨ੍ਹਾਂ ਦਾ ਖਹਿੜਾ ਛੁੱਟ ਜਾਵੇਗਾ ਪਰ ਸਿਰਫ 12 ਫੀ ਸਦੀ ਨੂੰ ਹੀ ਇਹ ਬਜਟ ਪਸੰਦ ਆਇਆ ਜਦਕਿ 19 ਫੀ ਸਦੀ ਨੇ ਇਸ ਨੂੰ ਮਾੜਾ ਬਜਟ ਆਖਿਆ ਪਰ 39 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਬਜਟ ਬਾਰੇ ਕੋਈ ਜਾਣਕਾਰੀ ਨਹੀਂ।

# ਅਜੇ ਵੀ ਜਾਰੀ ਹੈ ਮੈਰਾਥਨ ਵੋਟਿੰਗ



ਓਟਵਾ, 21 ਮਾਰਚ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਅਗਲੇਰੀ ਜਾਂਚ ਬੰਦ ਕਰਨ ਦੀਆਂ ਟਰੂਡੋ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਵਿਰੋਧੀ ਧਿਰਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਲਈ ਮੈਂਬਰਜ਼ ਆਫ ਪਾਰਲੀਆਮੈਂਟ ਟਰੂਡੋ ਸਰਕਾਰ ਦੇ ਇਸ ਫੈਸਲੇ ਖਿਲਾਫ ਮੈਰਾਥਨ ਵੋਟਿੰਗ ਕਰ ਰਹੇ ਹਨ।

ਕੰਜ਼ਰਵੇਟਿਵਾਂ ਵੱਲੋਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨੂੰ ਆਪਣੀ ਗਵਾਹੀ ਪੂਰੀ ਕਰਨ ਲਈ ਲਿਆਂਦੇ ਗਏ ਮਤੇ ਨੂੰ ਲਿਬਰਲਾਂ ਨੇ ਆਪਣੀ ਬਹੁਗਿਣਤੀ ਸਦਕਾ ਦਬਾਅ ਦਿੱਤਾ। ਇਸ ਮਤੇ ਨੂੰ 134 ਦੇ ਮੁਕਾ-ਬਲੇ 161 ਵੋਟਾਂ ਨਾਲ ਸ਼ਿਕਸਤ ਦਿੱਤੀ ਗਈ। ਇਸ ਤੋਂ ਬਾਅਦ ਹੀ ਬੁੱਧਵਾਰ ਨੂੰ ਕੰਜ਼ਰਵੇਟਿਵਾਂ ਨੇ ਮੈਰਾਥਨ ਵੋਟਿੰਗ ਦਾ ਸੁਝਾਅ ਦਿੱਤਾ ਗਿਆ ਜਿਸ ਵਿੱਚ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਖਰਚ ਦੇ ਸਬੰਧ ਵਿੱਚ ਵੱਖਰੇ ਤੌਰ 'ਤੇ 257 ਵੋਟਾਂ ਦੀ ਲੋੜ ਮਹਿਸੂਸ ਕੀਤੀ ਗਈ। ਕੋਈ ਵੀ ਵੋਟ, ਜਿਸ ਵਿੱਚ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਖਰਚੇ ਦੀ ਗੱਲ ਜੁੜੀ ਹੋਵੇ, ਉਸ ਨੂੰ ਭਰੋਸੇ ਦਾ ਵੋਟ ਮੰਨਿਆ ਜਾਂਦਾ ਹੈ। ਹੁਣ ਲਿਬਰਲਾਂ ਨੂੰ ਆਪਣੀ ਸਾਖ ਬਚਾਉਣ ਲਈ ਤੇ ਹਾਰ ਤੋਂ ਬਚਣ ਲਈ ਇਸ ਵੋਟਿੰਗ ਵਿੱਚ ਖਰਾ ਉਤਰਨਾ ਹੋਵੇਗਾ।

# ਭਾਜਪਾ ਕੰਟਰੋਲ ਵਾਲੀ ਚੰਡੀਗੜ੍ਹ ਨਗਰ ਨਿਗਮ ਹੇਠ ਤਿੰਨ ਹਜ਼ਾਰ ਮੁਲਾਜ਼ਮਾਂ ਦੀ ਨੌਕਰੀ ਖਤਰੇ ਵਿੱਚ

### ਮੇਅਰ ਕਾਲੀਆ ਬੋਲੇ: ਕੋਈ ਨਾ ਕੋਈ ਰਸਤਾ ਕੱਢਾਂਗੇ




ਚੰਡੀਗੜ੍ਹ, 21 ਮਾਰਚ, (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਗਰ ਨਿਗਮ ਦੇ ਆਡਿਟ ਵਿਭਾਗ ਦੇ ਇਤਰਾਜ਼ ਪਿੱਛੋਂ ਨਗਰ ਨਿਗਮ ਨੇ ਫ਼ੈਸਲਾ ਕਰ ਲਿਆ ਹੈ ਕਿ ਸਾਰੇ ਆਊਟਸੋਰਸ ਮੁਲਾਜ਼ਮ ਜੈਮ ਪੋਰਟਲ ਰਾਹੀਂ ਰੱਖੇ ਜਾਣਗੇ। ਇਸ ਨਾਲ ਪਾਰਲੀਮੈਂਟ ਚੋਣਾਂ ਪਿੱਛੋਂ ਨਗਰ ਨਿਗਮ ਦੇ ਕਰੀਬ ਤਿੰਨ ਹਜ਼ਾਰ ਅਸਥਾਈ ਕਰਮਚਾਰੀ ਨੌਕਰੀ ਤੋਂ ਬਾਹਰ ਹੋ ਜਾਣਗੇ।

ਕੇਂਦਰ ਸਰਕਾਰ ਦੇ ਨਿਯਮਾਂ, ਜਿਹੜੇ ਚੰਡੀਗੜ੍ਹ ਉੱਤੇ ਲਾਗੂ ਹੁੰਦੇ ਹਨ, ਦੇ ਅਨੁਸਾਰ ਕੋਈ ਵੀ ਸਰਕਾਰੀ ਸਾਮਾਨ ਤੇ ਅਸਥਾਈ ਮੁਲਾਜ਼ਮ ਰੱਖਣ ਲਈ ਇਸ ਦਾ ਟੈਂਡਰ ਗਵਰਨਮੈਂਟ ਈ ਮਾਰਕੀਟਿੰਗ ਉੱਤੇ ਆਵੇਗਾ ਤੇ ਇਸ ਦੀ ਬਿਡਿੰਗ ਵੀ ਉਹ ਹੀ ਕੰਪਨੀਆਂ ਕਰਨਗੀਆਂ, ਜੋ ਇਸ ਪੋਰਟਲ ਵਿੱਚ ਰਜਿਸਟਰਡ ਹੋਣਗੀਆਂ। ਇਸ ਲਈ ਚੰਡੀਗੜ੍ਹ ਤੋਂ ਇਲਾਵਾ ਦੂਜੇ ਰਾਜਾਂ ਦੇ ਲੋਕ ਵੀ ਬਿਡਿੰਗ ਕਰ ਸਕਣਗੇ।ਆਡਿਟ ਵਿਭਾਗ ਨੇ ਨਿਯਮ 149 ਦਾ ਹਵਾਲਾ ਦੇ ਕੇ ਸਾਰੇ ਵਿੰਗ ਨੂੰ 31 ਮਾਰਚ ਤਕ ਸਾਰੇ ਆਊਟਸੋਰਸ ਕਰਮਚਾਰੀ ਜੈਮ ਵਿੱਚ ਟੈਂਡਰ ਲਾ ਕੇ ਰੱਖਣ ਨੂੰ ਕਿਹਾ ਸੀ। ਚੋਣ ਜ਼ਾਬਤਾ ਲੱਗਾ ਹੋਣ ਕਰ ਕੇਇਸ ਵਕਤ ਨਗਰ ਨਿਗਮ ਨੇ ਫ਼ੈਸਲਾ ਲਿਆ ਹੈ ਕਿ ਜੋ ਇਸ ਸਮੇਂ ਠੇਕੇਦਾਰਾਂ ਦੇ ਆਊਟਸੋਰਸ ਮੁਲਾਜ਼ਮ ਕੰਮ ਕਰਦੇ ਹਨ, ਉਨ੍ਹਾਂ ਦਾ ਕਾਰਜਕਾਲ 30 ਜੂਨ ਤਕ ਵਧਾ ਦਿੱਤਾ ਜਾਵੇ, ਜਿਸਦੇ ਲਈ ਕਮਿਸ਼ਨਰ ਕੇਕੇ ਯਾਦਵ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਸਮੇਂ ਨਗਰ ਨਿਗਮ ਵਿੱਚ ਤਿੰਨ ਹਜ਼ਾਰ ਮੁਲਾਜ਼ਮਾਂ ਦੀ ਨੌਕਰੀ ਉੱਤੇ ਤਲਵਾਰ ਲਟਕਦੀ ਹੈ। ਇਨ੍ਹਾਂ ਵਿੱਚ ਇੰਜੀਨੀਅਰਿੰਗ, ਜਨ ਸਿਹਤ, ਨਾਜਾਇਜ਼ ਕਬਜ਼ੇ ਹਟਾਓ ਦਸਤੇ ਅਤੇ ਐੱਮ ਓ ਐੱਸ ਵਿੰਗ ਦੇ ਸਫ਼ਾਈ ਕਾਮੇ ਸ਼ਾਮਲ ਹਨ। ਸਭ ਤੋਂਵੱਧ 1300 ਸਫ਼ਾਈ ਕਰਮਚਾਰੀ ਤੇ ਇੰਜੀਨੀਅਰਿੰਗ ਵਿੰਗ ਦੇ 600 ਮੁਲਾਜ਼ਮਹਨ, ਜਦੋਂ ਕਿ ਨਾਜਾਇਜ਼ ਕਬਜ਼ੇ ਹਟਾਓ ਦਸਤੇ ਦੇ 80 ਬੇਲਦ-'ਰਹਨ। ਜਿਹੜੀਆਂ ਕੰਪਨੀਆਂ ਨਗਰ ਨਿਗਮ ਵਿੱਚ ਇਸ ਵੇਲੇ ਮੁਲਾਜ਼ਮਹਾਸਲਕਰਵਾ ਰਹੀਆਂ ਹਨ, ਉਨ੍ਹਾਂ ਨੂੰ ਨਗਰ ਨਿਗਮ ਨੇ ਇਸ ਨਵੀਂ ਸਥਿਤੀ ਦੀ ਸੂਚਨਾ ਦੇ ਕੇ ਆਖ ਦਿੱਤਾ ਹੈ ਕਿ ਉਹ ਆਪਣੀ ਕੰਪਨੀ ਵੀ ਇਸ ਪਰੋਟੋਕੋਲ ਦੇ ਵਾਸਤੇ ਰਜਿਸਟਰਡ ਕਰਵਾ ਲੈਣ।

ਮੇਅਰ ਰਾਜੇਸ਼ ਕਾਲੀਆ ਦਾ ਕਹਿਣਾ ਹੈ ਕਿ ਕੋਈ ਨਾ ਕੋਈ ਰਾਹ ਕੱਢ ਲਿਆ ਜਾਵੇਗਾ। ਕਿਸੇ ਦੀ ਵੀ ਨੌਕਰੀ ਨਹੀਂ ਜਾਣ ਦਿੱਤੀ ਜਾਵੇਗੀ। ਨਗਰ ਨਿਗਮ ਅਨੁਸਾਰ ਇਸ ਸਮੇਂ ਆਊਟਸੋਰਸ ਉੱਤੇਜਿਹੜੇ ਕਰਮਚਾਰੀ ਹਨ, ਉਨ੍ਹਾਂ ਨੂੰ ਕਾਫ਼ੀ ਤਜਰਬਾ ਹੈ ਅਤੇ ਨਵੇਂ ਕਰਮਚਾਰੀ ਰੱਖਣ ਉੱਤੇ ਪਰੇਸ਼ਾਨੀ ਹੋਵੇਗੀ।

# ਬੈਂਕ ਅਫਸਰ ਬਣ ਕੇ ਜਾਣਕਾਰੀ ਪੁੱਛੀ ਅਤੇ ਪੰਜਾਹ ਹਜ਼ਾਰ ਰੁਪਏ ਕਢਵਾ ਲਏ

ਜਲੰਧਰ, 21 ਮਾਰਚ (ਪੋਸਟ ਬਿਊਰੋ)- ਸਟੇਟ ਬੈਂਕ ਆਫ ਇੰਡੀਆ ਦੇ ਕਸਟਮਰਾਂ ਨਾਲ ਏ ਟੀ ਐੱਮ ਫਰਾਡ ਦੇ ਮਾਮਲੇ ਜਾਰੀ ਹਨ। ਇਸ ਵਾਰੀ ਮਕਸੂਦਾਂ ਦੇ 22 ਸਾਲ ਦੇ ਗਗਨਦੀਪ ਕੁਮਾਰ ਨੂੰ ਜਾਅਲਸਾਜ਼ ਨੇ ਖੁਦ ਨੂੰ ਬੈਂਕ ਅਫਸਰ ਦੱਸ ਕੇ ਪੰਜਾਹ ਹਜ਼ਾਰ ਰੁਪਏ ਕਢਵਾ ਲਏ ਹਨ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਗਗਨਦੀਪ ਨੇ ਦੱਸਿਆ ਕਿ ਕੱਲ੍ਹ ਸਵੇਰੇ ਫੋਨ ਆਇਆ ਤਾਂ ਗੱਲ ਕਰਨ ਵਾਲੇ ਨੇ ਖੁਦ ਨੂੰ ਸਟੇਟ ਬੈਂਕ ਆਫ ਇੰਡੀਆ ਦਾ ਅਧਿਕਾਰੀ ਦੱਸਦੇ ਹੋਏ ਕਿਹਾ ਕਿ ਤੁਹਾਡਾ ਏ ਟੀ ਐੱਮ ਕਾਰਡ ਬੰਦ ਹੋ ਚੁੱਕਾ ਹੈ। ਏ ਟੀ ਐੱਮ ਚਾਲੂ ਕਰਨ ਲਈ ਅਪਡੇਟ ਕਰਾਉਣਾ ਪਏਗਾ। ਫੋਨ ਉੱਤੇ ਉਸ ਨੇ ਬੈਂਟ ਡਿਟੇਲ ਮੰਗੀ ਤਾਂ ਯਕੀਨ ਹੋ ਗਿਆ ਕਿ ਫੋਨ ਬੈਂਕ ਤੋਂ ਹੀ ਹੈ। ਫਿਰ ਉਹ ਅਧਿਕਾਰੀ ਜੋ ਵੀ ਜਾਣਕਾਰੀ ਮੰਗਦਾ ਗਿਆ, ਗਗਨਦੀਪ ਦੱਸਦਾ ਗਿਆ। ਗਗਨਦੀਪ ਨੇ ਦੱਸਿਆ ਕਿ ਉਸ ਨੂੰ ਪਤਾ ਨਹੀਂ ਲੱਗ ਸਕਿਆ ਕਿ ਉਸ ਨਾਲ ਠੱਗੀ ਹੋ ਰਹੀ ਹੈ। ਏ ਟੀ ਐੱਮ ਕਾਰਡ ਨੰਬਰ, ਸੀ ਵੀ ਵੀ, ਐਕਸਪਾਇਰੀ ਡੇਟ ਦੱਸਣ ਪਿੱਛੋਂ ਉਸ ਨੇ ਓ ਟੀ ਪੀ ਸ਼ੇਅਰ ਕਰ ਦਿੱਤਾ। ਥੋੜ੍ਹੀ ਦੇਰ ਬਾਅਦ ਖਾਤੇ 'ਚੋਂ 50 ਹਜ਼ਾਰ ਨਿਕਲਣ ਦਾ ਮੈਸੇਜ ਆ ਗਿਆ। ਗਗਨਦੀਪ ਦੀ ਸ਼ਿਕਾਇਤ 'ਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।








**Paramjit Deol** Broker **CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**TORONTO $6.99/Sq Ft**

**22 Arrow Rd 1**: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000**

**2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000**

**45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900**
Photo Not Available
**537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900**
Photo Not Available
**2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900**
Photo Not Available
**8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000**

**25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000**

**15 Brisdale Dr 7&8 :** ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000**

**320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000**
SUBWAY eat fresh.
**3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000**

**315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000**
Photo Not Available
**349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000**
Photo Not Available
**537 Van Kirk Dr 110:** For sale
Please call 905-405-8484

**BRANTFORD $525,000**

**118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000**
Photo Not Available
**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000**

**9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮਹੀਨਾਵਾਰ ਸਮਾਗਮ ਵਿਚ ਨਾਵਲ 'ਮਾਂ ਦਾ ਘਰ' ਉਪਰ ਹੋਈ ਗੋਸ਼ਟੀ




## ਪੁਸਤਕ 'ਕੰਮ ਕੰਮ ਸਿਰਫ ਕੰਮ' ਲੋਕ-ਅਰਪਿਤ



ਬਰੈਂਪਟਨ, (ਝੰਡ ਤੇ ਮੰਡ) -ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਆਪਣਾ ਮਹੀਨਾਵਾਰੀ ਸਮਾਗਮ ਇੱਥੋਂ ਦੇ ਐੱਫ਼.ਬੀ.ਆਈ.ਸਕੂਲ ਦੇ ਹਾਲ ਵਿਚ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਦੇ ਨਾਵਲਕਾਰ ਕੁਲਜੀਤ ਮਾਨ ਦੇ ਨਾਵਲ 'ਮਾਂ ਦਾ ਘਰ' ਉੱਪਰ ਗੋਸ਼ਟੀ ਕਰਵਾਈ ਗਈ ਜਿਸ ਉੱਪਰ ਭਖ਼ਵੀਂ ਬਹਿਸ ਹੋਈ। ਇਸ ਦੇ ਨਾਲ ਹੀ ਇਸ ਸਮਾਗਮ ਵਿਚ ਡਾ. ਅਨੂਪ ਸਿੰਘ ਹੋਰਾਂ ਦੀ ਲੇਖਾਂ ਦੀ ਪੁਸਤਕ 'ਕੰਮ ਕੰਮ ਸਿਰਫ ਕੰਮ' ਨੂੰ ਲੋਕ-ਅਰਪਿਤ ਕੀਤਾ ਗਿਆ।

ਉਪਰੰਤ, ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਹੋਇਆ ਜਿਸ ਦੀ ਪ੍ਰਧਾਨਗੀ ਨਾਮਧਾਰੀ ਸੰਪਰਦਾਇ ਦੇ ਮੁਖੀ ਬਾਬਾ ਠਾਕਰ ਦਲੀਪ ਸਿੰਘ,ਉੱਘੇ ਵਿਗਿਆਨੀ ਡਾ.ਅਮਰਜੀਤ ਸਿੰਘ ਬਨਵੈਤ, ਬਲਰਾਜ ਚੀਮਾ, ਜਸਵੀਰ ਕਾਲਰਵੀ ਅਤੇ ਕੁਲਜੀਤ ਮਾਨ ਵੱਲੋ 'ਸਾਂਝੇ ਤੌਰ ਕੀਤੀ ਗਈ। ਸਮਾਗ਼ਮ ਵਿਚ ਆਏ ਸੱਜਣਾਂ ਨੂੰ 'ਜੀ ਆਇਆਂ' ਮਲੂਕ ਸਿੰਘ ਕਾਹਲੋਂ ਵੱਲੋਂ ਕਿਹਾ ਗਿਆ।

ਸਮਾਗਮ ਦੇ ਪਹਿਲੇ ਸੈਸ਼ਨ ਵਿਚ ਨਾਵਲ 'ਮਾਂ ਦਾ ਘਰ' ਉੱਪਰ ਜਸਵੀਰ ਕਾਲਰਵੀ ਵੱਲੋਂ ਭਾਵਪੂਰਤ ਪਰਚਾ ਪੜ੍ਹਿਆ ਗਿਆ। ਆਪਣੇ ਪਰਚੇ ਵਿਚ ਉਨ੍ਹਾਂ ਕਿਹਾ ਕਿ ਨਾਵਲ ਅਨੁਸਾਰ ਗਲੋਬਲ-ਪਿੰਡ ਨੇ ਮਾਂ ਦੇ ਘਰ ਦੀ ਖਿੱਚ ਨੂੰ ਲੋਕਾਂ ਤੋਂ ਖੋਹ ਲਿਆ ਹੈ। ਬੇਸ਼ਕ, ਨਾਵਲ ਦੀ ਧਰਾਤਲ ਯੋਗੋਸਲਾਵੀਆ ਹੈ ਪਰ ਇਹ ਸੰਸਾਰ ਦੇ ਕਿਸੇ ਵੀ ਖਿੱਤੇ ਦੀ ਕਹਾਣੀ ਹੋ ਸਕਦੀ ਹੈ। ਇਸ ਸਬੰਧੀ ਚਰਚਾ ਨੂੰ ਅੱਗੇ ਤੋਰਦਿਆਂ ਨਾਹਰ ਔਜਲਾ ਨੇ ਨਾਵਲ ਦੀ ਅਹਿਮ ਨੁਕਤਾ-ਨਿਗਾਹ ਤੋਂ ਕੁਝ ਨੁਕਤਿਆਂ ਨੂੰ ਚੁੱਕਦਿਆਂ ਹੋਇਆਂ ਇਸ ਨਾਵਲ ਨੂੰ ਕੌਮਾਂਤਰੀ ਸਰਹੱਦਾਂ ਤੋ ਪਾਰ ਦਾ 'ਗਲੋਬਲੀ ਨਾਵਲ' ਕਿਹਾ ਗਿਆ ਜੋ ਸਾਮਰਾਜ ਦੀ ਮਾਰ ਝੱਲ ਰਹੇ ਦੇਸ਼ਾਂ ਦੇ ਲੋਕਾਂ ਦੀ ਦਾਸਤਾਨ ਬਾਖ਼ੂਬੀ ਬਿਆਨ ਕਰਦਾ ਹੈ। ਇਸ ਮੌਕੇ ਬਲਰਾਜ ਚੀਮਾ ਹੁਰਾਂ ਨੇ ਨਾਵਲ ਬਾਰੇ ਬੋਲਦਿਆਂ ਕਿਹਾ ਕਿ ਕੁਲਜੀਤ ਮਾਨ ਜਿਵੇਂ ਦਾ ਲਿਖਦਾ ਹੈ, ਉਵੇਂ ਦਾ ਜਿਉਂਦਾ ਵੀ ਹੈ।

ਉਪਰੰਤ, 'ਚਰਚਾ ਦੌਰਾਨ ਉਠਾਏ ਗਏ ਨੁਕਤਿਆਂ ਨੂੰ ਲੇਖਕ ਕੁਲਜੀਤ ਮਾਨ ਵੱਲੋਂ ਆਪਣੀ ਲਿਖਤ ਵਿੱਚ ਪੇਸ. ਕੀਤੇ ਗਏ ਵਿਚਾਰਾਂ ਅਨੁਸਾਰ ਸਮਝਾਉਣ ਦਾ ਯਤਨ ਕੀਤਾ ਗਿਆ। ਇਸ ਸੈਸ਼ਨ ਵਿਚ ਹੀ ਡਾ.ਅਨੂਪ ਸਿੰਘ ਦੀ ਪੁਸਤਕ 'ਕੰਮ ਕੰਮ ਸਿਰਫ ਕੰਮ' ਵੀ ਲੋਕ ਅਰਪਿਤ ਕੀਤੀ ਗਈ, ਜਿਸ ਬਾਰੇ ਮੁੱਢਲੀ ਜਾਣਕਾਰੀ ਮਲੂਕ ਸਿੰਘ ਕਾਹਲੋਂ ਵੱਲੋਂਦਿੱਤੀ ਗਈ।

ਅਗਲੇ ਸੈਸ਼ਨ ਵਿੱਚ ਕਵੀ-ਦਰਬਾਰ ਕਰਵਾਇਆ ਗਿਆ ਜਿਸ ਵਿੱਚ ਸਮਾਗਮ ਵਿੱਚ ਪਧਾਰ ਕਵੀ ਜਨਾਂ ਵੱਲੋਂ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ ਗਿਆ। ਇਨ੍ਹਾਂ ਵਿਚ ਗੁਰਦਾਸ ਮਿਨ-ਹਾਸ, ਇਕਬਾਲ ਬਰਾੜ, ਸਨੀ ਸ਼ਿਵਰਾਜ, ਉਪਕਾਰਸਿੰਘ ,ਰਿੰਟੂ ਭਾਟੀਆ, ਅਵਤਾਰ ਸਿੰਘ ਅਰਸ਼ੀ, ਮਕਸੂਦ ਚੌਧਰੀ, ਲਖਬੀਰ ਸਿੰਘ ਕਾਹਲੋਂ, ਹਰਦਿਆਲ ਝੀਤਾ ਅਤੇ ਕਈ ਹੋਰ ਕਵੀ ਤੇ ਗਾਇਕ ਸ਼ਾਮਲ ਸਨ।

ਆਪਣੇ ਪ੍ਰਧਾਨਗੀ-ਭਾਸ਼ਨ ਵਿਚ ਬਾਬਾ ਠਾਕਰ ਦਲੀਪ ਸਿੰਘ ਹੁਰਾਂ ਨੇ ਕਿਹਾ ਕਿਹਾ ਕਿ ਜੇਕਰ ਪੰਜਾਬੀ ਬੋਲੀ ਨੂੰ ਸੰਭਾਲਣ ਦੀ ਕੋਸ਼ਿਸ. ਨਾ ਕੀਤੀ ਗਈ ਤਾਂ ਇਹ ਆਉਣ ਵਾਲੇ ਸਾਲਾਂ ਵਿੱਚ ਖ਼ਤਮ ਹੋਣ ਵੱਲ ਵੱਧ ਰਹੀ ਹੈ। ਇਸ ਦੌਰਾਨ ਧੰਨਵਾਦੀ ਸ਼ਬਦ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਕਹੇ ਗਏ। ਸਮਾਗਮ ਦੇ ਪਹਿਲੇ ਸੈਸ਼ਨ ਦੀ ਸਟੇਜ-ਸਕੱਤਰ ਦੀ ਜ਼ਿੰਮੇਵਾਰੀ ਤਲਵਿੰਦਰ ਮੰਡ ਵੱਲੋਂ ਅਤੇ ਦੂਸਰੇ ਸੈਸ਼ਨ ਲਈ ਇਹ ਜ਼ਿੰਮੇਵਾਰੀ ਪਰਮਜੀਤ ਢਿੱਲੋਂ ਵੱਲੋਂ ਨਿਭਾਈ ਗਈ। ਕੁਲ ਮਿਲਾ ਕੇ ਇਹ ਸਮਾਗਮ ਸਭਾ ਦੇ ਪਹਿਲੇ ਹੋਏ ਬਹੁਤ ਸਾਰੇ ਸਮਾਗ਼ਮਾਂ ਵਾਂਗ ਬੇਹੱਦ ਸਫ਼ਲ ਰਿਹਾ।

# ਅਮਰੀਕਾ ਵੱਸਦੇ ਸ਼ਾਇਰ ਰਵਿੰਦਰ ਸਹਿਰਾਅ ਹੋਏ ਸਰੋਤਿਆਂ ਦੇ ਸਨਮੁੱਖ

## ਵਿਦੇਸ਼ੀ ਵੱਸਦੇ ਸਾਹਿਤਕਾਰ, ਵਿਦੇਸ਼ੀ ਧਰਤੀ ਦੀਆਂ ਸਮੱਸਿਆਵਾਂ ਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਇਧਰਲੇ ਪਾਠਕਾਂ ਦੇ ਰੂਬਰੂ ਕਰਵਾਉਣ : ਪ੍ਰੋ: ਗੁਰਭਜਨ ਸਿੰਘ ਗਿੱਲ





ਲੁਧਿਆਣਾ, 21 ਮਾਰਚ (ਗਿਆਨ ਸਿੰਘ): ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਅਮਰੀਕਾ ਦੇ ਪੈਨਸਿਲਵੇਨੀਆ ਸੂਬੇ 'ਚ ਵੱਸਦੇ ਪ੍ਰਸਿੱਧ ਸ਼ਾਇਰ ਰਵਿੰਦਰ ਸਹਿਰਾਅ ਦਾ ਰੂ-ਬ-ਰੂ ਪੰਜਾਬੀ ਭਵਨ ਵਿਖੇ ਕਰਵ-ਾਇਆ ਗਿਆ। ਪ੍ਰਧਾਨਗੀ ਭਾਸ਼ਣ ਦਿੰਦਿਆਂ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਸ੍ਰੀ ਰਵਿੰਦਰ ਸਹਿਰਾਅ ਬਾਰੇ ਸੰਖੇਪ ਜਾਣਕਾਰੀ ਦਿੰਦਿਆ ਉਨ੍ਹਾਂ ਰਵਿੰਦਰ ਸਹਿਰਾਅ ਅਤੇ ਹਾਜ਼ਰ ਲੇਖਕਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿੱਤ ਅਕਾਡਮੀ ਦੀ ਹਰ ਸੰਭਵ ਕੋਸ਼ਸ਼ਿ ਹੁੰਦੀ ਹੈ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਲੇਖਕਾਂ ਦੀ ਭਾਰਤ ਫੇਰੀ ਮੌਕੇ ਉਨਾਂ ਦੀ ਸਾਹਿਤਕ ਘਾਲਣਾ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ ਜਾਵੇ।

ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਵਿਦੇਸ਼ੀ ਵੱਸਦੇ ਸਾਹਿਤਕਾਰਾਂ ਦਾ ਦੋਹਰਾ ਫਰਜ਼ ਬਣਦਾ ਹੈ ਕਿ ਇਕ ਤਾਂ ਉਹ ਵਿਦੇਸ਼ੀ ਧਰਤੀ ਦੀਆਂ ਸਮੱਸਿਆਵਾਂ ਤੇ ਉਥੋਂ ਦੀ ਸਭਿਆਚਾਰਕ ਵੰਨ-ਸੁਵੰਨਤਾ ਨੂੰ ਸਾਡੇ ਇਧਰਲੇ ਪਾਠਕਾਂ ਦੇ ਰੂਬਰੂ ਕਰਵਾਉਣਾ ਅਤੇ ਪੰਜਾਬੀ ਧਰਤੀ ਦੇ ਮਸਲਿਆਂ ਨੂੰ ਤੇ ਸਭਿਆਚਾਰਕ ਰਹਿਤਲ ਨੂੰ ਉਨਾਂ ਲੋਕਾਂ ਨਾਲ ਜਾਣੂੰ ਕਰਵਾਉਣ। ਉਨ੍ਹਾਂ ਕਿਹਾ ਕਿ ਰਵਿੰਦਰ ਸਹਿਰਾਅ ਅਜਿਹਾ ਸ਼ਾਇਰ ਹੈ ਜਿਸ ਨੇ ਆਪਣੀ ਇਸ ਧਰਤੀ ਦੀ ਸਭਿਆਚਾਰਕ ਮਰਿਯਾਦਾ ਨੂੰ ਜਿਥੇ ਵਿਦੇਸ਼ੀ ਧਰਤੀ 'ਤੇ ਜਾਣੂੰ ਕਰਵ-ਾਇਆ ਉਥੇ ਨਾਲ ਹੀ ਆਪਣੀ ਅਗਾਂਵਧੂ ਰਹਿਤਲ ਨੂੰ ਖ਼ੁਦ ਆਪ ਜੀਵਿਆ ਤੇ ਹਾਲੇ ਤੱਕ ਜਿਉ ਰਿਹਾ ਹੈ। ਇਹੀ ਇਸ ਸ਼ਾਇਰ ਦੀ ਖ਼ੂਬਸੂਰਤੀ ਹੈ।

ਰਵਿੰਦਰ ਸਹਿਰਾਅ ਦੀ ਸ਼ਾਇਰੀ ਬਾਰੇ ਅਕਾਡਮੀ ਦੇ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਰਵਿੰਦਰ ਸਹਿਰਾਅ ਲੋਕ ਸੰਘਰਸ਼ ਨਾਲ ਬਦਲਾਉ ਚੇਤਨਾ ਦੀ ਪੱਧਰ ਤੇ ਭਾਵੁਕ ਪੱਧਰ ਤੇ ਜੁੜਿਆ ਹੋਇਆ ਸ਼ਾਇਰ ਹੈ ਜੋ ਹਾਲੇ ਤੱਕ ਵੀ ਲੋਕ ਚੇਤਨਾ ਅਤੇ ਲੋਕ ਸੰਘਰਸ਼ ਬਾਰੇ ਸੁਹਿਰਦ ਹੈ। ਸਮਾਜੀ ਬਦਲਾਉ ਦੀਆਂ ਸਿਮਰਤੀਆਂ ਨੂੰ ਹਾਲੇ ਤੱਕ ਵੀ ਉਸਨੂੰ ਕੁਰੇਦਦੀਆਂ ਹਨ। ਉਸ ਦਾ ਚਿੰਤਨ ਵੇਲਾ ਅਗਰਗਾਮੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ ਤੇ ਉਹ ਆਪਣੀ ਕਵਿਤਾ ਵਿਚ ਮਾਨਵ ਹਮਦਰਦੀ ਭਰੇ ਮਨੁੱਖ ਨਾਲ ਜੁੜਿਆ ਹੋਇਆ ਹੈ। ਉਹ ਸ਼ਬਦਾਂ ਦੀ ਕਾਇਨਾਤ ਵਿਚ ਸ਼ਰੀਕ ਹੋ ਕੇ ਆਪਣੀ ਹਉਮੈ ਤੋਂ ਮੁਕਤੀ ਦਾ ਰਾਹ ਚੁਣਦਾ ਹੈ। ਉਸ ਦੀਆਂ ਹੁਣ ਤੱਕ ਸੱਤ ਪੁਸਤਕਾਂ ਪ੍ਰਕਾਸ਼ਤਿ ਹੋ ਚੁੱਕੀਆਂ ਹਨ।

ਡਾ. ਜਗਵਿੰਦਰ ਜੋਧਾ ਨੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਰਵਿੰਦਰ ਸਹਿਰਾਅ ਇਨਕਲਾਬੀ ਵਿਦਿਆਰਥੀ ਲਹਿਰ ਦਾ ਉਹ ਯੋਧਾ ਹੈ ਜਿਸ ਨੇ ਮੱਧ ਸ਼੍ਰੇਣੀ ਨਾਲ ਸੰਬੰਧਿਤ ਬੰਦੇ ਨਾਲ ਸੰਬੰਧਿਤ ਆਪਣੇ ਅਕੀਦਿਆਂ ਦਾ ਆਪਣੀ ਕਵਿਤਾ ਵਿਚ ਪਾਲਣ ਕੀਤਾ ਹੈ।

ਰਵਿੰਦਰ ਸਹਿਰਾਅ ਦਰਸ਼ਕਾਂ/ਸਰੋਤਿਆਂ ਦੇ ਰੂ-ਬ-ਰੂ ਹੁੰਦਾ ਆਪਣੇ ਕਿਰਤੀ ਪਰਿਵਾਰ ਵਿਚ ਜਨਮ ਲੈਣ ਤੋਂ ਲੈ ਕੇ ਅੱਜ ਤੱਕ ਦੇ ਪੜਾਅ ਤੱਕ ਅਪੜਨ ਬਾਰੇ ਦੱਸਿਆ। ਸ੍ਰੀ ਸਹਿਰਾਅ ਨੇ 1971-72 ਵਿਚ ਚੱਲੀ ਮੋਗਾ ਲਹਿਰ ਦੇ ਨਾਇਕਾਂ ਨੂੰ ਯਾਦ ਕਰਦਿਆਂ ਆਪਣੇ ਸਾਥੀਆਂ ਨੂੰ ਚੇਤੇ ਕੀਤਾ ਤੇ ਕਿਹਾ ਕਿ ਉਹ ਸਾਰੀ ਜ਼ਿੰਦਗੀ ਜਿਉਣ ਦੇ ਲਾਇਕ ਬਣਾਉਣ ਲਈ ਜੂਝੇ ਅਤੇ ਲਿਖਿਆ ਵੀ ਇਸੇ ਉਦੇਸ਼ ਲਈ ਹੈ। 1971-72 ਵਿਚ 6 ਮਹੀਨੇ ਦੀ ਜੇਲ੍ਹ ਯਾਤਰਾ ਨੂੰ ਯਾਦ ਕੀਤਾ ਅਤੇ 1974 ਵਿਚ ਪੀ.ਐਸ.ਯੂ ਦੇ ਸੂਬਾ ਪ੍ਰਧਾਨ ਬਨਣ ਨੂੰ ਯਾਦ ਕੀਤਾ। ਉਨਾਂ 1987 ਵਿਚ ਆਪਣੇ ਅਮਰੀਕਾ ਪਰਵਾਸ ਬਾਰੇ ਅਤੇ ਸਾਹਿਤਕ ਸਫ਼ਰ ਬਾਰੇ ਵਿਚਾਰ ਸਾਂਝੇ ਕੀਤੇ। ਆਪਣੀ ਸ਼ਾਇਰੀ ਸੁਣਾਉਂਦਿਆਂ ਉਨ੍ਹਾਂ ਫਲਸਤੀਨੀ ਕੁੜੀ ਤੇ ਚੱਪਲ ਕਵਿਤਾ ਰਾਹੀਂ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਟੋਰਂਟੋ ਤੋਂ ਆਏ ਕਵੀ ਭੁਪਿੰਦਰ ਦੂਲੇ, ਸ਼੍ਰੀਮਤੀ ਕਮਲਜੀਤ ਨੱਤ, ਉਨ੍ਹਾਂ ਦੇ ਪਤੀ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਕੈਲੇ, ਮੀਤ ਪ੍ਰਧਾਨ ਸਹਿਜਪ੍ਰੀਤ ਸਿੰਘ ਮਾਂਗਟ, ਸਤੀਸ਼ ਗੁਲਾਟੀ, ਕਵਿੱਤਰੀ ਕਮਲਪ੍ਰੀਤ ਕੌਰ ਸੰਘੇੜਾ, ਸੀ. ਮਾਰਕੰਡਾ, ਇੰਦਰਜੀਤ ਪਾਲ ਕੌਰ, ਸੁਰਿੰਦਰ ਦੀਪ, ਡਾ. ਸੰਦੀਪ ਕੌਰ ਸੇਖੋਂ, ਡਾ.ਤੇਜਿੰਦਰ ਮਾਰਕੰਡਾ, ਸੁਰਿੰਦਰ ਮਕਸੂਦਪੁਰੀ,ਪ੍ਰੋ. ਕ੍ਰਿਸ਼ਨ ਸਿੰਘ, ਸੁਮਿਤ ਗੁਲਾਟੀ, ਰਵੀਦੀਪ, ਪ੍ਰੇਮ ਅਵਤਾਰ ਰੈਣਾ, ਅਮਰਜੀਤ ਮੋਹੀ, ਹਰਬੰਸ ਮਾਲਵਾ, ਰਵਿੰਦਰ ਰਵੀ, ਡਾ. ਗੁਲਜ਼ਾਰ ਸਿੰਘ ਪੰਧੇਰ, ਪੀ. ਸੀ. ਛਾਬੜਾ, ਬਲਕੌਰ ਸਿੰਘ ਗਿੱਲ, ਰੈਕਟਰ ਕਥੂਰੀਆ, ਰਣਧੀਰ ਕੰਵਲ ਆਦਿ ਇਸ ਮੌਕੇ ਹਾਜ਼ਰ ਸਨ।


Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing**
**For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਮਿਜ਼ਾਜੀ ਤੇ ਹਕੀਕੀ ਇਸ਼ਕ ਦਾ ਸੁਮੇਲ 'ਹੀਰ ਵਾਰਿਸ'

-ਈਸ਼ਵਰ ਦਿਆਲ ਗੌੜ-

ਇਮਾਨ ਦੀ ਦੁਨੀਆ ਵਿੱਚ ਗੌਣ ਦਾ ਅਹਿਮ ਸਥਾਨ ਹੁੰਦਾ ਹੈ। ਹੱਕ ਸੱਚ ਦਾ ਜ਼ਿਕਰ ਹੁੰਦਾ ਹੈ, ਸਿਮਰਨ ਹੁੰਦਾ ਹੈ। ਇਸ਼ਕ, ਪੋਥੀ, ਸਿਮਰਨ, ਸਮਾਅ, ਵਜਦ ਅਤੇ ਨਾਬਰੀ ਦੇ ਆਪਸੀ ਰਿਸ਼ਤੇ ਬੜੇ ਗਹਿਰੇ ਹੁੰਦੇ ਹਨ। ਜਿਸ ਸੂਫੀ ਚਿਸ਼ਤੀ ਸਿਲਸਿਲੇ ਨਾਲ ਵਾਰਿਸ ਸ਼ਾਹ ਜੁੜਿਆ ਹੋਇਆ ਸੀ, ਉਸ ਸਿਲਸਿਲੇ ਦੇ ਮਹਾਨ ਸੂਫੀ ਕੁਦਤਬੁਦੀਨ ਬਖਤਯਾਰ ਕਾਕੀ (ਮੌਤ 1236 ਈ.) ਇਕ ਮਰਤਬਾ ਕੱਵਾਲਾਂ ਵੱਲੋਂ ਗਾਏ ਫਾਰਸੀ ਸ਼ਿਅਰ ਨੂੰ ਸੁਣ ਕੇ ਵਜਦ ਵਿੱਚ ਆ ਗਏ। ਫਵਾਇਦੁਲ-ਫੁਆਦ ਵਿੱਚ ਦਰਜ ਹੈ ਕਿ ਆਪ ਫਿਰ ਚਾਰ ਦਿਨ ਚਾਰ ਰਾਤਾਂ ਲਗਾਤਾਰ ਇਸੇ ਸ਼ਿਅਰ ਦੀਆਂ ਤੁਕਾਂ ਅਲਾਪਦੇ ਰਹੇ, 'ਕੁਸ਼ਤਗਾਨਿ-ਖੰਜਰਿ ਤਸਲੀਮ ਰਾ. ਹਰ ਜ਼ਮਾਂ ਅਜ਼ ਗੇਬ ਜਾਨਿ ਦੀਗਰ ਅਸਤ', ਜਿਸ ਦਾ ਅਰਥ ਹੈ ਕਿ ਭਾਣੇ ਦੇ ਖੰਜਰ ਨਾਲ ਕੁੱਠੇ ਹੋਏ ਸ਼ਹੀਦਾਂ ਉਤੇ ਗੈਬ ਤੋਂ ਹਰ ਪਲ ਨਵੀਂ ਜ਼ਿੰਦਗੀ ਦੀ ਬਖਸ਼ਿਸ ਹੁੰਦੀ ਹੈ। ਆਪ ਇਨ੍ਹਾਂ ਸਤਰਾਂ ਨੂੰ ਸੁਣਨ ਨਾਲ ਪੈਦਾ ਹੋਏ ਸਰੂਰ ਵਿੱਚ ਨੱਚਦਿਆਂ-ਨੱਚਦਿਆਂ ਵਫਾਤ ਪਾ ਗਏ। ਆਸ਼ਕਾਂ ਵੱਲੋਂ ਕੀਤੇ ਸਿਮਰਨ ਤੇ ਸਮਾਅ ਵਿੱਚ ਬੜੀ ਊਰਜਾ ਹੁੰਦੀ ਹੈ। ਸਿਆਲਾਂ ਖੇੜਿਆਂ ਵੱਲੋਂ ਜਦੋਂ ਵੀ ਹੀਰ ਰਾਂਝੇ ਦੇ ਇਸ਼ਕ ਉਤੇ ਭੀੜ ਪੈਂਦੀ ਹੈ, ਰਾਂਝਾ ਵੰਝਲੀ ਵਜਾ ਕੇ, ਸਮਾਅ ਕਰ ਕੇ ਪੰਜ ਪੀਰਾਂ ਦੀ ਅਰਾਧਨਾ ਕਰਦਾ ਹੈ। ਪੀਰ ਖੁਸ਼ ਹੋ ਜਾਂਦੇ ਹਨ। ਉਹ ਇਸ਼ਕ ਦੇ ਪੈਂਡੇ 'ਤੇ ਹੀਰ ਰਾਂਝੇ ਦੇ ਹਮਸਫਰ ਹਨ। ਰਾਂਝਾ ਤਾਂ ਸੰਗੀਤ ਸਮਾਅ ਦਾ ਝੰਡਾ ਬਰਦਾਰ ਹੈ। ਉਸ ਦੀ ਵੰਝਲੀ 'ਚ ਮੋਹਨੀ ਮੰਤਰ ਦਾ ਵਾਸਾ ਹੈ। ਪਹਿਲਾਂ ਇਹ ਤਖਤ ਹਜ਼ਾਰੇ ਦੀਆਂ ਤ੍ਰਿਮਤਾਂ ਨੂੰ ਮੋਂਹਦੀ ਹੈ, ਫੇਰ ਝਨਾਂ ਦੇ ਪੱਤਣਾਂ ਦੀਆਂ ਔਰਤਾਂ ਠੱਗੀਆਂ ਜਾਂਦੀਆਂ ਨੇ, ਝਨਾਂ ਤੋਂ ਪਾਰ ਝੰਗ ਸਿਆਲਾਂ ਦੀ ਹੀਰ ਤੇ ਝੰਗ ਦੀਆਂ ਮਹੀਆਂ ਇਸ ਟੂਣੇਹਾਰੀ ਦੇ ਸਰੋਦ ਵਿੱਚ ਕੈਦ ਹੋ ਜਾਂਦੀਆਂ ਨੇ ਅਤੇ ਝੰਗ ਦੇ ਬੇਲਿਆਂ ਵਿੱਚ ਇਹ ਵੰਝਲੀ 'ਅਲਖ ਜਾਗੇ, ਅਲਖ ਜਾਗੇ' ਦਾ ਭਾਂਤ-ਭਾਂਤ ਦੇ ਰਾਗ ਰਾਗਨੀਆਂ 'ਚ ਛਾਪ ਕਰਕੇ ਅਲੱਖ ਪੰਜ ਪੀਰਾਂ ਨੂੰ ਸੱਦ ਲੈਂਦੀ ਹੈ ਤੇ ਹੀਰ ਰਾਂਝੇ ਦਾ ਨਿਕਾਹ ਵੀ ਕਰਵਾ ਦਿੰਦੀ ਹੈ। ਵੰਝਲੀ ਵਿੱਚ ਤਾਂ ਸ਼ੀਂਹਾ ਸ਼ੇਰਾਂ ਨੂੰ ਮਸਤੀ ਤੇ ਨੀਂਦਰਾਂ ਦੇ ਆਲਮ 'ਚ ਉਤਾਰਨ ਦਾ ਵੀ ਜਾਦੂ ਹੈ:

ਖੜਿਆ ਹੋਇ ਕੇ ਰਾਂਝੇ ਵੰਝੁਲੀ ਵਜਾਈ।
ਵੰਝੁਲੀ ਸੁਣਿ ਕੇ ਸ਼ੇਰ ਜੋ ਮਸਤ ਹੋਇਆ,
ਗਾਲਬ ਨੀਂਦ ਤਾਂ ਸ਼ੇਰ ਨੂੰ ਤੁਰਤ ਆਈ।
(ਹੀਰ ਅਹਿਮਦ)

ਵੰਝਲੀ ਦੇ ਸੁਰ ਗੈਰ ਮਨੁੱਖੀ ਜੀਵਾਂ ਨੂੰ ਸਿਜਦਾ ਕਰਨ ਦਾ ਸਬਕ ਸਿਖਾਉਂਦੇ ਹਨ, ਉਹ ਇਸ ਦੀ ਆਵਾਜ਼ ਸੁਣ ਕੇ ਰਾਂਝੇ ਦੇ ਦੀਦਾਰ ਕਰਨ ਆਪੋ ਆਪਣੇ ਠਿਕਾਣਿਆਂ ਤੋਂ ਚੱਲ ਪੈਂਦੇ ਹਨ, ਪੇੜ, ਪੌਦੇ ਤੇ ਝਾੜੀਆਂ ਸੁਰੀਲੇ ਹੋ ਜਾਂਦੇ ਹਨ:

ਤਾਂ ਰਾਂਝੇ ਹਥ ਵੰਝਲੀ ਕੀਤੀ,
ਕੇਹੀਆਂ ਸੁਰਾਂ ਅਲਾਈਆਂ।
ਸ਼ਕਨ ਕਾਹਿ, ਕੁਕਾਇ ਬੰਬੂਲਾਂ,
ਸ਼ੁਕਨ ਬੂਟੇ ਲਾਈਆਂ।
ਸ਼ੀਂਹ, ਬਾਰਿੰਡੇ, ਚੀਤੇ,
ਸਭੇ ਜ਼ਾਰਤ ਆਈਆਂ।
ਆਖ ਦਮੋਦਰ ਕੀਕਣ ਦਿਸਣ,
ਜਦ ਈਦ ਦੇ ਸਿਜਦੇ ਪਾਈਆਂ। (ਹੀਰ ਦਮੋਦਰ)



ਸੂਫੀ ਚਿੰਤਕ ਹੁਜਵੀਰੀ ਦੀ ਦਲੀਲ ਹੈ ਕਿ ਜਿਸ ਇਨਸਾਨ ਨੂੰ ਸੰਗੀਤ ਪਸੰਦ ਨਹੀਂ, ਉਹ ਜਾਂ ਤਾਂ ਝੂਠਾ ਹੈ, ਜਾਂ ਪਖੰਡੀ, ਜਾਂ ਉਹ ਆਪਣੇ ਹੋਸ਼ ਹਵਾਸ 'ਚ ਨਹੀਂ। ਅਜਿਹਾ ਬੰਦਾ ਨਾ ਮਨੁੱਖ ਹੈ, ਨਾ ਜਾਨਵਰ। ਇਸ਼ਕ ਤੇ ਸੰਗੀਤ ਦੇ ਸੰਗਮ ਦਾ ਉਛਾਲ ਇੰਨਾ ਤੀਬਰ ਤੀਖਣ ਹੁੰਦਾ ਹੈ ਕਿ ਵੰਝਲੀ ਮਹਿਬੂਬ ਜਿਹੀ ਨਜ਼ਰ ਆਉਣ ਲੱਗ ਪੈਂਦੀ ਹੈ। ਅਬਦੁਲ ਗਫੂਰ ਕੈਸ ਨਾਂ ਦੇ ਸ਼ਾਇਰ ਦੀ ਮਸਨਵੀ, 'ਹੀਰ' 'ਚ ਅਜਿਹਾ ਕੁਝ ਹੀ ਵਾਪਰਦਾ ਹੈ।

ਰਾਂਝਾ ਜਦ ਤਖਤ ਹਜ਼ਾਰੇ ਦੀ ਤਮਾਮ ਮਰੂਸ (ਵਿਰਾਸਤ) ਨੂੰ ਛੱਡ ਕੇ ਆਪਣੇ ਅਸਲ ਮੁਕਾਮ ਨੂੰ ਵਿਦਾ ਹੁੰਦੈ, ਤਦ ਉਹ ਆਪਣੀ ਨਿੱਜੀ ਵਿਰਾਸਤ ਨੂੰ ਕੱਛ 'ਚ ਸਾਂਭ ਲੈਂਦਾ ਹੈ, 'ਕੱਛ ਵੰਝਲੀ ਮਾਰ ਕੇ ਰਵਾਂ ਹੋਇਆ, ਵਾਰਿਸ ਸ਼ਾਹ ਨੇ ਵਤਨ ਵਿਸਾਰਿਆ ਹੈ।' ਸਾਜ਼ ਬਿਨ ਇਬਾਦਤ ਤੇ ਇਸ਼ਕ ਦਾ ਸਫਰ ਕਿਵੇਂ ਹੋ ਸਕਦਾ ਹੈ? ਖੌਰੇ ਵੰਝਲੀ ਹੀਰ ਰਾਂਝੇ ਦੇ ਨਾਲ ਹੀ ਨਾ ਦਫਨਾਈ ਹੋਵੇ। ਹੀਰ ਰਾਂਝੇ ਦੇ ਮੁਰੀਦ ਬਾਲ ਨਾਥ ਦੇ ਟਿੱਲੇ ਤੋਂ ਵੰਝਲੀ ਨੂੰ ਲਿਆ ਹੋਣ! ਬਾਲ ਨਾਥ ਨੇ ਰਾਂਝੇ ਨੂੰ ਜੋਗੀ ਬਣਾਉਣ ਤੋਂ ਬਾਅਦ ਸ਼ਾਇਦ ਵੰਝਲੀ ਆਪਣੇ ਕੋਲ ਰੱਖ ਲਈ ਹੋਵੇ! ਹਾਂ ਇਹ ਸੱਚ ਹੈ ਕਿ ਜਦ ਰਾਂਝਾ ਬਾਲ ਨਾਥ ਦੇ ਟਿੱਲੇ ਤੋਂ ਰੰਗਪੁਰ ਖੇੜਿਆਂ ਵੱਲ ਰੁਖਸਤ ਹੋਇਆ ਤਾਂ ਉਸ ਦੇ ਸੰਗ ਵੰਝਲੀ ਦੀ ਥਾਂ ਇਸ਼ਕ ਦਾ ਸਿੰਗ ਨਾਦ ਸੀ।

ਵਾਰਿਸ ਸ਼ਾਹ ਨੂੰ ਸੈਨਤਾਂ ਮਾਰਨੀਆਂ ਆਉਂਦੀਆਂ ਹਨ। ਉਹ ਇਕੋ ਹੀ ਸੈਨਤ 'ਚ ਹੀਰ ਨੂੰ ਇਕ ਮੁਕੱਦਸ ਪੋਥੀ 'ਚ ਤਬਦੀਲ ਕਰ ਦਿੰਦਾ ਹੈ, ਜਦ ਉਹ ਹੀਰ ਦੇ ਚਿਹਰੇ ਨੂੰ ਕਿਤਾਬ ਦੇ ਖੁਸ਼ਖਤ ਹਰਫ 'ਚ ਢਾਲਦਾ ਹੈ। ਉਸ ਦੀ ਸੈਨਤਸਾਜ਼ੀ ਨੂੰ ਸਲਾਮ ਕਹਿਣ ਤੇ ਸਿਜਦਾ ਕਰਨ ਦਾ ਫਰਜ਼ ਉਨ੍ਹਾਂ ਸਭ ਪੰਜਾਬੀਆਂ ਦਾ ਹੈ, ਜਿਨ੍ਹਾਂ ਨੇ ਵੰਝਲੀ ਤੇ ਹੀਰ 'ਵੇਖੀ ਪੜ੍ਹੀ' ਹੈ।

ਕੋਈ ਵੇਲਾ ਸੀ ਜਦ ਪੰਜਾਬ ਦੀਆਂ ਬੀਹੀਆਂ ਵਿੱਚ ਲੋਕ ਗਾਇਕ ਢੱਡ ਸਾਰੰਗੀਆਂ ਹੱਥ 'ਚ ਫੜ ਕੇ ਹੀਰ ਰਾਂਝੇ ਦੀ ਗਾਥਾ ਗਾ-ਗਾ ਕੇ ਸੁਣਾਉਂਦੇ ਸਨ। ਲੋਕਾਈ ਇਕ-ਜੁਟ ਹੋ ਕੇ ਸਰਵਣ ਕਰਦੀ ਸੀ। ਇਸ ਗਾਥਾ (ਗਾਥਾਵਾਂ) 'ਚ ਹੀਰ ਪ੍ਰੇਮ ਭਗਤੀ 'ਚ ਰੰਗੀ ਰਾਧਾ ਰੁਕਮਣੀ ਤੇ ਰਾਂਝਾ ਉਸ ਦਾ ਬੰਸੀਵਾਲਾ ਕ੍ਰਿਸ਼ਨ ਮੋਹਨ ਮਹਿਬੂਬ ਹੁੰਦਾ ਸੀ। ਰਮਤੇ ਗਵੱਈਏ ਹੀਰ ਦੇ ਵਿਆਹ ਦਾ ਦ੍ਰਿਸ਼ ਸਿਰਜਦੇ ਸਨ। ਹਜ਼ਰਤ ਮੁਹੰਮਦ ਸਾਹਿਬ ਜੰਜ ਲੈ ਕੇ ਢੁੱਕਦੇ, ਜਗਤ ਦਾ ਰਚਨਾਕਾਰ, ਬ੍ਰਹਮਾ ਹੀਰ ਦੀ ਸ਼ਾਦੀ ਦਾ ਸ਼ਾਮਿਆਨਾ ਤੇ ਮੰਡਪ ਤਿਆਰ ਕਰਦਾ, ਪੰਜ ਪੀਰ ਖਵਾਜਾ ਖਿਜ਼ਰ, ਸ਼ੇਖ ਫਰੀਦ, ਬਹਾਉਦੀਨ ਜ਼ਕਰੀਆ, ਸੱਯਦ ਜਮਾਮ ਚੁਖਾਰੀ ਤੇ ਲਾਲ ਸ਼ਾਹਬਾਜ਼-ਹੀਰ ਰਾਂਝੇ ਦਾ ਨਿਕਾਹ ਪੜ੍ਹਦੇ। ਇਨ੍ਹਾਂ ਪੰਜ ਪੀਰਾਂ 'ਚੋਂ ਖਵਾਜਾ ਖਿਜ਼ਰ ਨਿਕਾਹ ਦਾ ਗਵਾਹ ਵੀ ਹੁੰਦਾ। ਲੋਕਾਈ ਨੂੰ ਰਾਂਝੇ 'ਚੋਂ ਕਦੇ ਕ੍ਰਿਸ਼ਨ ਤੇ ਕਦੇ ਹਜ਼ਰਤ ਮੁਹੰਮਦ ਸਾਹਿਬ ਦੇ ਝਾਉਲੇ ਪੈਂਦੇ। ਬਾਬਾ ਬੁੱਲ੍ਹੇ ਸ਼ਾਹ ਇਨ੍ਹਾਂ ਪਰਛਾਈਆਂ ਦੇ ਅਸਲ ਨੂੰ ਜਾਣਦਾ ਸੀ। ਉਸ ਨੇ ਇਨ੍ਹਾਂ ਝਾਉਲਿਆਂ ਨੂੰ ਆਪਣੀਆਂ ਕਾਫੀਆਂ 'ਚ ਉਤਾਰਿਆ:

ਬੰਸੀ ਵਾਲਿਆ ਚਾਕਾ ਰਾਂਝਾ
ਤੇਰਾ ਸੁਰ ਹੈ ਸਭ ਨਾਲ ਸਾਂਝਾ।

ਰਾਂਝੇ ਦੀ ਨੁਹਾਰ ਵਿੱਚੋਂ ਹਜ਼ਰਤ ਮੁਹੰਮਦ ਸਾਹਿਬ ਦੇ ਦੀਦਾਰ ਲਈ ਬੁੱਲ੍ਹੇ ਨੂੰ ਆਪਣੇ ਭੀਤਰ ਹੀਰ ਦੀ ਰੂਹ ਦੀ ਅਲਖ ਜਗਾਉਣੀ ਪੈਂਦੀ ਹੈ- 'ਕੌਣ ਆਇਆ ਪਹਿਨ ਲਿਬਾਸ ਕੁੜੇ।/ ਤੁਸੀਂ ਪੁੱਛੋ ਨਾਲ ਇਖਲਾਸ ਕੁੜੇ।/ ਹੱਥ ਖੂੰਡੀ ਮੋਢੇ ਕੰਬਲ ਕਾਲਾ, ਅੱਖੀਆਂ ਵਿੱਚ ਵਸੇ ਉਜਾਲਾ,/ ਚਾਕ ਨਹੀਂ ਹੋਈ ਹੈ, ਮਤਵਾਲਾ, ਪੁੱਛੋ ਬਿਠਾ ਕੇ ਪਾਸ ਕੁੜੇ।' 'ਹੀਰ ਵਾਰਿਸ' ਵਿੱਚ ਝਨਾਂ ਦੇ ਪੱਤਣਾਂ ਉਤੇ ਰਾਂਝਾ, ਹੀਰ ਤੇ ਉਸ ਦੀਆਂ ਸਾਥਣਾਂ ਸਹੇਲੀਆਂ ਜੋ ਇਸ਼ਕ ਦੀ ਖੇਡ ਖੇਡਦੀਆਂ ਹਨ, ਉਸ ਦੀ ਪਿੱਠ ਭੂਮੀ 'ਤੇ ਜਮਨਾ ਕਿਨਾਰੇ ਕ੍ਰਿਸ਼ਨ, ਰਾਧਾ ਅਤੇ ਗੋਪੀਆਂ ਦੀ ਖੇਡੇ ਜਾਣ ਵਾਲੀ ਲੀਲ੍ਹਾ ਵੀ ਨਜ਼ਰ ਆ ਰਹੀ ਹੁੰਦੀ ਹੈ। ਦੋਵਾਂ ਸਕਰੀਨਾਂ 'ਤੇ ਇਮਾਨ ਦਾ ਤੇ ਭਗਤੀ/ ਤਸੱਵੁਫੀ ਰੋਮਾਂਸ ਦਾ ਸੰਗਮ ਦ੍ਰਿਸ਼ਟੀਮਾਨ ਹੁੰਦਾ ਹੈ। ਪੋਥੀ 'ਹੀਰ ਵਾਰਿਸ' ਭਗਤੀ ਮੂਲਕ ਤੇ ਤਸੱਵੁਰ ਮੂਲਕ ਜਾਂ ਇੰਜ ਕਹਿ ਲਵੋ ਕਿ ਇਬਾਦਤ/ ਸਿਮਰਨ ਮੂਲਕ ਇਸ਼ਕ ਦਾ ਪ੍ਰਵਚਨ ਹੈ। ਇਸ ਵਿੱਚ ਇਸ਼ਕ ਮਿਜ਼ਾਜੀ ਤੇ ਇਸ਼ਕ ਹਕੀਕੀ ਬਾਖੂਬੀ ਗੁੰਦੇ ਹੋਏ ਹਨ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਬਿਊਟੀ ਟਿਪਸ- ਮੈਟ ਮੇਕਅਪ ਨਾਲ ਵਧੇਗੀ ਖੂਬਸੂਰਤੀ

ਪਾਰਟੀ ਹੋਵੇ ਜਾਂ ਕੋਈ ਖਾਸ ਮੌਕਾ, ਮੈਟ ਮੇਕਅਪ ਹਰ ਛੋਟੇ ਅਤੇ ਵੱਡੇ ਮੌਕੇ 'ਤੇ ਕੀਤਾ ਜਦਾ ਸਕਦਾ ਹੈ। ਦੂਸਰੇ ਮੇਕਅਪ ਦੀ ਤਰ੍ਹਾਂ ਚਮਕੀਲਾ ਨਹੀਂ ਹੁੰਦਾ, ਇਸ ਲਈ ਇਸ ਨੂੰ ਕਦੇ ਵੀ ਲਗਾ ਸਕਦੇ ਹੋ।

ਇਹ ਡਰਾਈ ਮੇਕਅਪ ਨਹੀਂ ਹੈ। ਅਸਲ ਵਿੱਚ ਮੈਟ ਮੇਕਅਪ ਸਕਿਨ ਨੂੰ ਚਿਕਨਾ ਬਣਾਉਂਦਾ ਹੈ, ਜੋ ਚਿਹਰੇ ਦੇ ਦਾਗ-ਧੱਬਿਆਂ ਨੂੰ ਛੁਪਾਉਂਦਾ ਹੈ ਅਤੇ ਚਮੜੀ ਨੂੰ ਕੁਦਰਤੀ ਰੂਪ ਦਿੰਦਾ ਹੈ।

ਚਮਕੀਲੇ ਜਾਂ ਡੇਵੀ ਦੇ ਮੁਕਾਬਲੇ ਮੈਟ ਲੰਬੇ ਸਮੇਂ ਤੱਕ ਚਿਹਰੇ 'ਤੇ ਟਿਕਦਾ ਹੈ। ਆਮ ਤੌਰ 'ਤੇ ਲਗਾਏ ਜਾਣ ਵਾਲੇ ਚਮਕੀਲੇ ਮੇਕਅਪ ਵਿੱਚ ਤੇਲ ਜ਼ਿਆਦਾ ਹੋਣ ਦੇ ਕਾਰਨ ਚਮੜੀ ਹੋਰ ਵੀ ਆਇਲੀ ਨਜ਼ਰ ਆਉਂਦੀ ਹੈ।

ਜੇ ਤੁਹਾਡੀ ਸਕਿਨ ਆਇਲੀ ਹੈ ਤਾਂ ਮੈਟ ਮੇਕਅਪ ਲਗਾ ਸਕਦੇ ਹੋ। ਇਹ ਚਿਹਰੇ 'ਤੇ ਆਸਾਨੀ ਨਾਲ ਬਲੈਂਡ ਹੋ ਜਾਂਦਾ ਹੈ। ਹਾਲਾਂਕਿ ਜਿਨ੍ਹਾਂ ਦੀ ਸਕਿਨ ਖੁਸ਼ਕ ਹੈ ਉਨ੍ਹਾਂ ਨੂੰ ੈਟ ਮੇਕਅਪ ਲਗਾਉਣ ਤੋਂ ਬਚਣਾ ਚਾਹੀਦਾ ਹੈ।

ਕਿਵੇਂ ਲਗਾਈਏ

* ਮੇਕਅਪ ਦੇ ਲਈ ਚਿਹਰੇ ਦੇ ਰੰਗ ਤੋਂ ਹਲਕਾ ਅਜਿਹਾ ਫਾਊਂਡੇਸ਼ਨ ਚੁਣੋ।
* ਇਸ ਨੂੰ ਲਗਾਉਣ ਦੇ ਬਾਅਦ ਚੰਗੀ ਤਰ੍ਹਾਂ ਨਾਲ ਬਲੈਂਡ ਕਰੋ।
* ਠੋਢੀ ਨੂੰ ਹਾਈਲਾਈਟ ਕਰਨ ਦੇ ਲਈ ਕੰਸੀਲਰ ਦੀ ਵਰਤੋਂ ਕਰੋ।
* ਮੈਟ ਲਿਪਸਟਿਕ ਲਗਾ ਰਹੇ ਹੋ ਤਾਂ ਇਸ 'ਤੇ ਲਿਪ ਲਾਈਨਰ ਲਾਉਣ ਦੀ ਲੋੜ ਨਹੀਂ ਹੈ। ਇਨ੍ਹਾਂ ਨੂੰ ਬਰੱਸ਼ ਨਾਲ ਹੀ ਆਕਾਰ ਦਿਓ।

# ਕਹਾਣੀ: ਜੀਵਨ ਦੀ ਸਾਰਥਿਕਤਾ

-ਗੋਪਾਲ ਨਾਰਾਇਣ ਆਵਟੇ

ਰਚਨਾ ਦੀ ਪ੍ਰੀਖਿਆ ਦਾ ਨਤੀਜਾ ਕੱਲ੍ਹ ਸਵੇਰੇ ਆਉਣਾ ਹੈ। ਪਤਾ ਨਹੀਂ ਕਿਉਂ, ਰਾਤ ਇੰਨੀ ਲੰਮੀ ਲੱਗ ਰਹੀ ਹੈ। ਜਾਪਦਾ ਹੈ ਜਿਵੇਂ ਸਵੇਰ ਹੋਵੇਗੀ ਹੀ ਨਹੀਂ। ਮੈਂ ਪਤਾ ਨਹੀਂ ਕਿੰਨੀਆਂ ਸ਼ੰਕਾਵਾਂ ਨੂੰ ਮਨ ਵਿੱਚ ਬਿਠਾਈ ਨਤੀਜੇ ਦੀ ਉਡੀਕ ਕਰ ਰਹੀ ਹਾਂ। ਸ਼ਾਮ ਨੂੰ ਜਤਿਨ ਤੇ ਭੂਮਿਕਾ ਦਾ ਫੋਨ ਵੀ ਆਇਆ, ਉਨ੍ਹਾਂ ਨੇ ਵੀ ਪੁੱਛਿਆ ਸੀ ਕਿ ਰਚਨਾ ਦਾ ਨਤੀਜਾ ਕਦੋਂ ਆਵੇਗਾ? ਕੁਝ ਫਾਰਮਲ ਗੱਲਾਂ ਕਰਦੇ ਕਰਦੇ ਮੇਰਾ ਗਲਾ ਭਰ ਆਇਆ ਤਾਂ ਉਨ੍ਹਾਂ ਨੇ 'ਸੌਰੀ' ਕਹਿ ਕੇ ਫੋਨ ਕੱਟ ਦਿੱਤਾ। ਅਜੀਬ ਜਿਹਾ ਖਾਲੀਪਣ ਚਾਰੇ ਪਾਸੇ ਪੱਸਰਿਆ ਪਿਆ ਹੈ। ਜਾਪਦਾ ਹੈ, ਆਕਾਸ਼ ਦਾ ਸੁੰਨਾਪਣ ਮੇਰੇ ਜੀਵਨ ਵਿੱਚ ਘੁਲ ਗਿਆ ਹੈ। ਸਭ ਕੁਝ ਜਿਵੇਂ ਕੱਲ੍ਹ ਦੀ ਗੱਲ ਹੋਵੇ। ਜਦੋਂ ਮੈਂ ਸੋਚਦੀ ਹਾਂ ਤਾਂ ਅੱਖਾਂ 'ਚੋਂ ਝਰਲ-ਝਰਲ ਹੰਝੂ ਵਗਣ ਲੱਗਦੇ ਹਨ। ਮੈਂ ਸੋਚਦੀ ਹਾਂ ਕਿ ਕਿਸੇ ਨੂੰ ਆਪਣਾ ਦੁੱਖ ਨਹੀਂ ਦੱਸਾਂਗੀ, ਪਰ ਇਹ ਡਿਗਦੇ ਹੰਝੂ ਚੁਗਲੀ ਕਰ ਦਿੰਦੇ ਹਨ। ਪਤੀ ਨੇ ਕਈ ਵਾਰ ਮੋਢੇ ਦਾ ਸਹਾਰਾ ਦਿੱਤਾ, ਸੰਭਾਲਿਆ ਵੀ, ਪਰ ਉਨ੍ਹਾਂ ਦੇ ਮੋਢੇ ਨੂੰ ਹੰਝੂਆਂ ਨਾਲ ਹੀ ਗਿੱਲਾ ਕਰ ਦਿੱਤਾ ਸੀ।

ਸਵੇਰੇ ਜਦੋਂ ਅਖਬਾਰ ਵਾਲਾ ਘਰੇ ਅਖਬਾਰ ਸੁੱਟ ਕੇ ਗਿਆ ਤਾਂ ਦੌੜ ਕੇ ਮੈਂ ਉਹਨੂੰ ਚੁੱਕ ਲਿਆ, ਕੋਲ ਪਤੀ ਆ ਕੇ ਖੜ੍ਹੇ ਹੋ ਗਏ ਸਨ। 'ਰਚਨਾ...ਰਚਨਾ' ਮੈਂ ਉਨ੍ਹਾਂ ਨੂੰ ਸਾਰਾ ਭਾਲਿਆ, ਪਰ ਨੰਬਰ ਕਿਤੇ ਨਹੀਂ ਸੀ। ਮੈਂ ਉਦਾਸ ਹੋ ਗਈ ਤਾਂ ਪਤੀ ਨੇ ਅਖਬਾਰ ਫੜਿਆ ਤੇ ਹੈਰਾਨ ਹੋ ਗਏ, "ਹੈਂ, ਪੂਰੇ ਰਾਜ ਵਿੱਚ ਸੈਕਿੰਡ ਟੌਪਰ ਰਹੀ-ਆਹ ਵੇਖ, ਫਸਟ ਪੇਜ ਉਤੇ ਉਹਦੀ ਫੋਟੋ।" ਹੱਸਦੀ ਮੁਸਕੁਰਾਉਂਦੀ ਰਚਨਾ ਦੀ ਫੋਟੋ ਸੀ। ਰਚਨਾ ਦੀ ਫੋਟੋ ਤੇ ਉਹਦੇ ਇੰਨੇ ਜ਼ਿਆਦਾ ਅੰਕ ਲੈਣ 'ਤੇ ਮੈਂ ਜ਼ੋਰ ਨਾਲ ਰੋ ਪਈ। ਆਸ਼ੀਸ਼ ਨੇ ਮੈਨੂੰ ਚੁੱਪ ਕਰਾਇਆ। ਇਹ ਹੰਝੂ ਖੁਸ਼ੀ ਦੇ ਸਨ ਜਾਂ ਦੁੱਖ ਦੇ, ਮੈਨੂੰ ਸਮਝ ਨਹੀਂ ਆ ਰਹੀ ਸੀ, ਪਰ ਮੈਂ ਰੋ ਰਹੀ ਸਾਂ, ਬੜੀ ਉਚੀ ਉਚੀ। ਉਦੋਂ ਹੀ ਜਤਿਨ ਅਤੇ ਭੂਮਿਕਾ ਦੇ ਫੋਨ ਵੀ ਆ ਗਏ ਸਨ।

"ਵਧਾਈ ਹੋਵੇ, ਵਧਾਈ ਹੋਵੇ।"

"ਧੰਨਵਾਦ।" ਮੇਰੇ ਮੂੰਹੋਂ ਬੱਸ ਇੰਨਾ ਹੀ ਨਿਕਲਿਆ, ਪਰ ਇਹ ਧੰਨਵਾਦ ਕਹਿਣਾ ਕਿੰਨਾ ਖੋਖਲਾ ਸੀ, ਇਹ ਮੈਨੂੰ ਪਤਾ ਸੀ। ਅਖਬਾਰ ਮੇਰੇ ਹੱਥ ਵਿੱਚ ਸੀ ਅਤੇ ਰਚਨਾ ਦੀ ਫੋਟੋ ਵੀ, ਜੀਹਨੂੰ ਮੈਂ ਛਾਤੀ ਨਾਲ ਲਾਇਆ ਹੋਇਆ ਸੀ। ਰਚਨਾ ਪੂਰੇ ਰਾਜ 'ਚੋਂ ਸੈਕਿੰਡ ਟੌਪ ਆਈ ਸੀ ਅਤੇ ਮੈਂ ਦੁਖੀ ਹੋ ਰਹੀ ਸਾਂ। ਆਪਣੇ ਹੰਝੂ ਪੂੰਝ ਕੇ ਚਾਹ ਬਣਾਈ ਅਤੇ ਆਸ਼ੀਸ਼ ਨੂੰ ਦਿੱਤੀ। ਉਹ ਬੜੇ ਚਲਾਕ ਹਨ, ਆਪਣੇ ਹੰਝੂ ਚੁੱਪਚਾਪ ਪੀ ਜਾਂਦੇ ਹਨ, ਇੱਕ ਅੱਖਰ ਵੀ ਨਹੀਂ ਬੋਲਦੇ। ਮੈਂ ਉਨ੍ਹਾਂ ਨੂੰ ਵੇਖ ਕੇ ਹੀ ਸਮਝ ਗਈ ਸਾਂ ਕਿ ਜਦੋਂ ਮੈਂ ਰਸੋਈ ਵਿੱਚ ਗਈ ਸਾਂ, ਉਦੋਂ ਉਹ ਜੀਅ ਭਰ ਕੇ ਰੋ ਲਏ ਸਨ।

ਸਵੇਰ ਹੋ ਚੁੱਕੀ ਸੀ। ਇੱਕ ਦਰਜਨ ਤੋਂ ਵੱਧ ਵਧਾਈ ਦੇ ਫੋਨ ਆ ਚੁੱਕੇ ਸਨ। ਆਸ਼ੀਸ਼ ਦਫਤਰ ਚਲੇ ਗਏ ਸਨ। ਮੈਂ ਆਪਣੀ ਕੋਠੀ ਵਿੱਚ ਇਕੱਲੀ ਰਹਿ ਗਈ। ਕੰਮ ਵਾਲੀ ਨੂੰ ਵੀ ਮੈਂ ਹਟਾ ਦਿੱਤਾ ਤਾਂ ਕਿ ਮੈਂ ਖੁਦ ਕੰਮ ਕਰ ਕੇ ਆਪਣਾ ਸਮਾਂ ਬਿਤਾ ਸਕਾਂ। ਮੈਂ ਡਰਾਇੰਗ ਰੂਮ ਵਿੱਚ ਆ ਕੇ ਬਹਿ ਗਈ। ਸਾਹਮਣੇ ਖਿੜਕੀ ਖੁੱਲ੍ਹੀ ਹੋਈ ਸੀ ਅਤੇ ਨਿੰਮ ਦਾ ਰੁੱਖ ਆਪਣੀ ਛਾਂ ਧਰਤੀ ਉੱਤੇ ਫੈਲਾ ਰਿਹਾ ਸੀ। ਉਸ 'ਤੇ ਲੱਗੇ ਛੋਟੇ ਛੋਟੇ ਚਿੱਟੇ ਫੁੱਲਾਂ ਦੀ ਖੁਸ਼ਬੂ ਵਿੱਚ ਅਜੀਬ ਜਿਹੀ ਕੁੜੱਤਣ ਸੀ, ਜੋ ਸਾਹ ਵਿੱਚ ਭਰਨ 'ਤੇ ਵੀ ਭੈੜੀ ਨਹੀਂ ਲੱਗਦੀ। ਯਾਦਾਂ ਦੇ ਫੁੱਲ ਨਿੰਮ ਦੇ ਸੁੱਕੇ ਫੁੱਲਾਂ ਵਾਂਗ ਝੜਨ ਲੱਗੇ ਸਨ। ਹਲਕੀ ਹਵਾ ਦੇ ਬੁੱਲੇ ਨਾਲ ਬਹੁਤ ਸਾਰੀਆਂ ਯਾਦਾਂ ਆ ਰਹੀਆਂ ਸਨ। ਕੰਨਾਂ ਵਿੱਚ ਰਚਨਾ ਦੀ ਆਵਾਜ਼ ਸੀ। ਧੀ ਦਾ ਵਿਛੋੜਾ ਕੋਈ ਮਾਂ ਤੋਂ ਪੁੱਛੇ, ਕਿਉਂਕਿ ਰਚਨਾ ਮੇਰੀ ਧੀ ਹੀ ਨਹੀਂ, ਸਹੇਲੀ ਵੀ ਸੀ। ਹਮੇਸ਼ਾ ਹੱਸਦੀ, ਗੀਤ ਗੁਣਗੁਣਾਉਂਦੀ। ਉਹ ਨਕਲ ਕਰਦੀ ਸੀ। ਜਦੋਂ ਸ਼ਾਮ ਨੂੰ ਅਸੀਂ ਇਕੱਠੇ ਹੁੰਦੇ ਤਾਂ ਪੁਰਾਣੀਆਂ ਫਿਲਮਾਂ ਦੇ ਕਲਾਕਾਰਾਂ ਦੀ ਹੂ ਬ ਹੂ ਨਕਲ ਕਰਦੀ ਸੀ। ਆਸ਼ੀਸ਼ ਤੇ ਮੈਂ ਹੱਸ ਹੱਸ ਕੇ ਲੋਟ ਪੋਟ ਹੋ ਜਾਂਦੇ ਸਾਂ। ਪਰਵਾਰ ਵਿੱਚ ਅਸੀਂ ਇੱਕ ਤੇ ਸਾਡੀ ਇੱਕ ਦੇ ਨਿਯਮ ਨੂੰ ਲਾਗੂ ਕੀਤਾ ਹੋਇਆ ਸੀ ਅਤੇ ਰਚਨਾ ਤੋਂ ਇਲਾਵਾ ਸਾਡੀ ਹੋਰ ਕੋਈ ਸੰਤਾਨ ਨਹੀਂ ਸੀ। ਉਹ ਪੜ੍ਹਾਈ ਵਿੱਚ ਦਰਮਿਆਨੀ ਸੀ, ਪਰ ਕਦੋਂ ਪੜ੍ਹਾਈ ਕਰਦੀ ਸੀ, ਪਤਾ ਹੀ ਨਹੀਂ ਲੱਗਦਾ ਸੀ। ਮੈਂ ਗੁੱਸੇ ਹੋ ਕੇ ਕਹਿੰਦੀ ਸਾਂ, "ਪੜ੍ਹ ਲੈ, ਨਹੀਂ ਤਾਂ ਫੇਲ ਹੋ ਜਾਏਂਗੀ।"

"ਅੱਜ ਤੱਕ ਕਦੇ ਫੇਲ ਹੋਈ ਹਾਂ...?" ਉਹ ਉਲਟਾ ਪ੍ਰਸ਼ਨ ਕਰਦੀ ਸੀ।

"ਚੰਗੀ ਤਰ੍ਹਾਂ ਪੜ੍ਹ ਲੈ, ਚੰਗੀ ਨੌਕਰੀ ਮਿਲ ਜਾਵੇਗੀ।" ਮੈਂ ਉਹਨੂੰ ਕਹਿੰਦੀ ਤਾਂ ਉਹ ਗਲ ਵਿੱਚ ਬਾਹਾਂ ਪਾ ਕੇ ਪ੍ਰਸ਼ਨ ਕਰਦੀ, "ਮੰਮੀ, ਤੁਸੀਂ ਤਾਂ ਪੀ ਐਚ ਡੀ ਕੀਤੀ ਹੈ, ਫਿਰ ਨੌਕਰੀ ਕਿਉਂ ਨਹੀਂ ਕੀਤੀ? ਛੱਡੋ, ਇਹ ਨੌਕਰੀ-ਨੁਕਰੀ। ਮੈਂ ਤਾਂ ਚੰਗੇ ਪੜ੍ਹੇ ਲਿਖੇ, ਚੰਗੀ ਨੌਕਰੀ ਕਰਨ ਵਾਲੇ ਨਾਲ ਵਿਆਹ ਕਰਾਂਗੀ। ਐਸ਼, ਮੰਮੀ ਐਸ਼।"

ਉਹ ਬੜੇ ਨਾਟਕੀ ਅੰਦਾਜ਼ ਵਿੱਚ ਕਹਿੰਦੀ। ਮੈਂ ਗੁੱਸੇ ਵਿੱਚ ਵੀ ਹੁੰਦੀ ਅਤੇ ਨਾਰਾਜ਼ ਵੀ, "ਨਾਲਾਇਕੇ, ਸੁਧਰ ਜਾ।"

"ਵਿਗੜੀ ਕਿੱਥੇ ਹਾਂ, ਮੰਮੀ।" ਹੱਸਦੇ ਹੋਏ ਉਹ ਕਹਿੰਦੀ, "ਵੇਖੋ, ਤੁਸੀਂ ਵੀ ਇੰਨੀ ਪੜ੍ਹਾਈ ਕਰ ਕੇ ਪਾਪਾ ਨਾਲ ਸਾਰੀ ਜ਼ਿੰਦਗੀ ਬਿਤਾ ਦਿੱਤੀ, ਮੈਂ ਵੀ ਆਪਣੀ ਮਾਂ ਦੇ ਦੱਸੇ ਰਸਤੇ 'ਤੇ ਚੱਲਾਂਗੀ।" ਹਵਾ ਵਿੱਚ ਹਾਸਾ ਤੇ ਮਸਤੀ ਤੈਰ ਜਾਂਦੀ ਸੀ। ਪੂਰੇ ਘਰ ਦੀ ਰੌਣਕ ਸੀ ਰਚਨਾ। ਕਦੇ ਉਹ ਚੁੱਪ ਰਹਿੰਦੀ ਤਾਂ ਆਸ਼ੀਸ਼ ਅਤੇ ਮੈਂ ਫਿਕਰਮੰਦ ਹੋ ਜਾਂਦੇ ਸਾਂ। ਇੱਕ ਵਾਰ ਉਹਨੇ ਹੱਸ ਕੇ ਕਿਹਾ ਸੀ, "ਮੰਮੀ, ਤੁਸੀਂ ਮੇਰੀ ਸ਼ਾਦੀ ਕਰ ਦਿਓਗੇ, ਉਸ ਪਿੱਛੋਂ ਇਕੱਲੇ ਕਿਵੇਂ ਰਹੋਗੇ?"

"ਇਸੇ ਸ਼ਹਿਰ ਵਿੱਚ ਕੋਈ ਮੁੰਡਾ ਵੇਖਾਂਗੀ ਤਾਂ ਕਿ ਤੂੰ ਆਉਂਦੀ ਜਾਂਦੀ ਰਹੇਂ।"

"ਹਾਏ, ਬੜੀ ਲੰਮੀ ਪਲਾਨਿੰਗ ਹੈ। ਮੰਮੀ, ਉਂਝ ਮੈਂ ਕਦੇ ਤੁਹਾਥੋਂ ਦੂਰ ਨਹੀਂ ਜਾਵਾਂਗੀ", ਕਹਿ ਕੇ ਉਹ ਮੈਨੂੰ ਚਿੰਬੜ ਗਈ ਸੀ। ਮੈਂ ਉਹਦੇ ਵਾਲਾਂ ਵਿੱਚ ਹੱਥ ਫੇਰਦੀ ਰਹੀ। ਇਹੋ ਉਹ ਪਲ ਹੁੰਦੇ ਹਨ, ਜੋ ਜੀਵਨ ਵਿੱਚ ਹਮੇਸ਼ਾ ਅਮਰ ਰਹਿੰਦੇ ਹਨ, ਜਿੱਥੇ ਮਾਂ ਦਾ ਪਿਆਰ ਧੀ ਵਿੱਚ ਪ੍ਰਵਾਹਿਤ ਹੁੰਦਾ ਹੈ। ਪ੍ਰੀਖਿਆ ਸ਼ੁਰੂ ਹੋ ਚੁੱਕੀ ਸੀ। ਰਚਨਾ ਪੂਰੀ ਮਿਹਨਤ ਨਾਲ ਪੜ੍ਹਾਈ ਵਿੱਚ ਜੁਟੀ ਹੋਈ ਸੀ। ਜਦੋਂ ਵੀ ਉਹ ਪੇਪਰ ਦੇ ਕੇ ਆਉਂਦੀ, ਮੈਂ ਪੁੱਛਦੀ, "ਪੇਪਰ ਕਿਵੇਂ ਹੋਇਆ, ਬੇਟੀ?"

"ਮੰਮੀ, ਸਾਰੇ ਬੱਚੇ ਇੱਕੋ ਉਤਰ ਦਿੰਦੇ ਹਨ-ਚੰਗਾ ਹੋਇਆ, ਪਰ ਫੇਲ੍ਹ ਹੋ ਜਾਂਦੇ ਹਨ।" ਕਹਿ ਕੇ ਹੱਸ ਪਈ ਸੀ।

"ਪਰ ਮੈਨੂੰ ਪਤਾ ਹੈ ਕਿ ਤੂੰ ਫੇਲ੍ਹ ਨਹੀਂ ਹੋਵੇਂਗੀ।" ਮੈਂ ਕਿਹਾ ਸੀ।

"ਥੈਂਕ ਯੂ ਮੰਮੀ, ਸੱਚ ਇਹ ਹੈ ਕਿ ਮੈਂ ਜੀਵਨ ਵਿੱਚ ਕਦੇ ਅਸਫਲ ਨਹੀਂ ਹੋਣਾ ਚਾਹੁੰਦੀ, ਮੈਨੂੰ ਅਸਫਲਤਾ ਨਾਲ ਨਫਰਤ ਹੈ।"

"ਬੇਟਾ, ਅਸਫਲਤਾ ਜੀਵਨ ਵਿੱਚ ਸਫਲਤਾ ਦੀ ਪਹਿਲੀ ਪੌੜੀ ਹੈ, ਜਿਵੇਂ ਹਨੇਰੇ ਨਾਲ ਰੌਸ਼ਨੀ, ਸਵੇਰ ਨਾਲ ਸ਼ਾਮ, ਜ਼ਿੰਦਗੀ ਨਾਲ ਮੌਤ, ਉਸੇ ਤਰ੍ਹਾਂ ਸਫਲਤਾ ਨਾਲ ਅਸਫਲਤਾ ਜੁੜੀ ਹੁੰਦੀ ਹੈ।" ਮੈਂ ਉਹਨੂੰ ਸਮਝਾਇਆ।

ਉਹ ਬੱਚਿਆਂ ਵਾਂਗ ਚਾਂਭਲ ਕੇ ਕਹਿਣ ਲੱਗੀ, "ਮੰਮੀ, ਮੈਂ ਰੌਸ਼ਨੀ ਪਸੰਦ ਕਰਦੀ ਹਾਂ, ਮੈਨੂੰ ਸਵੇਰ ਚੰਗੀ ਲੱਗਦੀ ਹੈ, ਮੈਂ ਜੀਵਨ ਨੂੰ ਚੰਗਾ ਸਮਝਦੀ ਹਾਂ, ਮੈਂ ਮੌਤ ਪਿੱਛੋਂ ਵੀ ਜ਼ਿੰਦਗੀ ਜਿਊਣ ਵਿੱਚ ਕਰਦੀ ਹਾਂ।" ਬੜੀ ਦ੍ਰਿੜ੍ਹਤਾ ਨਾਲ ਉਹਨੇ ਕਿਹਾ ਸੀ।

"ਪਾਗਲ ਨਾ ਹੋਵੇ ਤਾਂ...।" ਕਹਿ ਕੇ ਮੈਂ ਉਠ ਕੇ ਰਸੋਈ ਵਿੱਚ ਚਲੀ ਗਈ ਸਾਂ।

ਆਖਰੀ ਪੇਪਰ ਦੇਣ ਉਹ ਗਈ ਤੇ ਅਸੀਂ ਉਹਦੀ ਅਗਲੀ ਪੜ੍ਹਾਈ ਲਈ ਕਿਹੜਾ ਕਾਲਜ ਠੀਕ ਰਹੇਗਾ-ਇਸ ਬਾਰੇ ਵਿਚਾਰ ਕਰ ਰਹੇ ਸਾਂ। ਲਗਭਗ 11 ਕੁ ਵਜੇ ਆਸ਼ੀਸ਼ ਦਾ ਫੋਨ ਆਇਆ, "ਛੇਤੀ ਹਸਪਤਾਲ ਪਹੁੰਚ।"

"ਆਖਰ ਗੱਲ ਕੀ ਹੈ?" ਫੋਨ ਕੱਟਿਆ ਜਾ ਚੁੱਕਾ ਸੀ। ਮੈਂ ਘਰ ਦੇ ਦਰਵਾਜ਼ੇ ਬੰਦ ਕੀਤੇ ਅਤੇ ਆਟੋ 'ਤੇ ਕਾਹਲੀ ਨਾਲ ਹਸਪਤਾਲ ਵੱਲ ਚੱਲ ਪਈ। ਮੈਨੂੰ ਆਸ਼ੀਸ਼ ਹਸਪਤਾਲ ਦੇ ਦਰਵਾਜ਼ੇ 'ਤੇ ਹੀ ਮਿਲ ਗਏ, "ਕਿਉਂ ਕੀ ਗੱਲ ਹੈ?" ਮੈਂ ਚਿੰਤਾ ਨਾਲ ਪੁੱਛਿਆ ਸੀ।

"ਪਲੀਜ਼ ਅੰਦਰ ਚੱਲ।" ਮੈਂ ਆਸ਼ੀਸ਼ ਦੇ ਪਿੱਛੇ ਪਿੱਛੇ ਧੜਕਦੇ ਦਿਲ ਨਾਲ ਚੱਲ ਪਈ। ਆਈ ਸੀ ਯੂ ਵਿੱਚ ਰਚਨਾ ਬੇਹੋਸ਼ ਪਈ ਸੀ। ਮੈਂ ਚੀਕ ਉਠੀ। ਆਸ਼ੀਸ਼ ਨੇ ਮੈਨੂੰ ਸੰਭਾਲਿਆ ਅਤੇ ਦੱਸਿਆ, "ਇਹਦੀ ਸਕੂਟੀ ਇੱਕ ਕਾਰ ਨਾਲ ਟਕਰਾ ਗਈ ਸੀ, ਇਹ ਅੱਠ-ਦਸ ਫੁੱਟ ਦੂਰ ਜਾ ਡਿੱਗੀ।"

"ਹੁਣ ਕਿਵੇਂ ਹੈ?"

"ਉਹ ਠੀਕ ਨਹੀਂ ਹੈ, ਉਹਦਾ ਬ੍ਰੇਨ ਡੈੱਡ ਹੋ ਚੁੱਕਾ ਹੈ, ਮਸ਼ੀਨਾਂ ਦੇ ਸਹਾਰੇ ਜ਼ਿੰਦਾ ਹੈ।" ਬੜੇ ਸਖਤ ਦਿਲ ਨਾਲ ਆਸ਼ੀਸ਼ ਨੇ ਮੈਨੂੰ ਦੱਸਿਆ।

"ਇਹਦਾ ਮਤਲਬ?" ਮੈਂ ਗੱਲ ਅਧੂਰੀ ਛੱਡ ਦਿਤੀ ਸੀ।

"ਬਿਲਕੁਲ ਠੀਕ ਸੋਚ ਰਹੀ ਹੈਂ, ਸਾਡੀ ਬੇਟੀ ਹੁਣ ਜ਼ਿੰਦਾ ਨਹੀਂ ਰਹੇਗੀ।"

ਆਸ਼ੀਸ਼ ਨੇ ਦੱਸਿਆ ਸੀ ਤਾਂ ਮੈਂ ਧਾਹਾਂ ਮਾਰ ਕੇ ਰੋਣ ਲੱਗੀ, "ਇਉਂ ਨਾ ਆਖੋ, ਕੋਈ ਨਾ ਕੋਈ ਚਮਤਕਾਰ ਹੋਵੇਗਾ ਤੇ ਉਹ ਉਠ ਪਵੇਗੀ..."

"ਇਸ ਤਰ੍ਹਾਂ ਨਹੀਂ ਹੋਵੇਗਾ, ਇਹੋ ਸੱਚ ਹੈ।" ਕਹਿ ਕੇ ਆਸ਼ੀਸ਼ ਖੁਦ ਵੀ ਰੋਣ ਲੱਗ ਪਏ ਸਨ।

ਸਾਡੀ ਗੱਲਬਾਤ ਵਿੱਚ ਡਾਕਟਰ ਸੰਜੀਵ ਕੁਮਾਰ ਦੋ-ਤਿੰਨ ਵਾਰੀ ਆ ਕੇ ਕੁਝ ਕਹਿਣ ਦੀ ਕੋਸ਼ਿਸ਼ ਕਰਦੇ ਵਿਖਾਈ ਦੇ ਰਹੇ ਸਨ। ਮੈਂ ਉੱਚੀ ਉੱਚੀ ਰੋ ਰਹੀ ਸਾਂ। ਅਚਾਨਕ ਕੰਨਾਂ ਵਿੱਚ ਰਚਨਾ ਦੀ ਉਹੀ ਆਵਾਜ਼ ਸੁਣਾਈ ਦਿੱਤੀ, "ਮੰਮੀ, ਮੈਂ ਮਰਨ ਤੋਂ ਬਾਅਦ ਵੀ ਮਰਨਾ ਨਹੀਂ ਚਾਹੁੰਦੀ...", ਪਰ ਹੁਣ ਕੀ ਹੋ ਸਕਦਾ ਹੈ।

ਆਸ਼ੀਸ਼ ਨੇ ਮੈਨੂੰ ਹੌਸਲਾ ਦਿੰਦਿਆਂ ਕਿਹਾ, "ਮੈਂ ਤੈਨੂੰ ਉਡੀਕ ਰਿਹਾ ਸਾਂ।"

"ਕਿਉਂ?"

"ਡਾਕਟਰ ਨੇ ਮੈਨੂੰ ਸਮਝਾਇਆ ਹੈ ਕਿ ਜੇ ਤੁਸੀਂ ਆਪਣੀ ਬੇਟੀ ਦਾ ਲਿਵਰ, ਹਾਰਟ ਦਾਨ ਕਰਨਾ ਚਾਹੋ ਤਾਂ ਸਾਨੂੰ ਗਰੀਨ ਕੌਰੀਡੋਰ ਬਣਾ ਕੇ ਤੁਰੰਤ ਹਾਰਟ ਦਿੱਲੀ ਅਤੇ ਲਿਵਰ ਬੰਗਲੌਰ ਭੇਜਣਾ ਹੋਵੇਗਾ, ਕਿਉਂਕਿ ਉਥੇ ਦੋ ਅਜਿਹੇ ਮਰੀਜ਼ ਹਨ, ਜਿਨ੍ਹਾਂ ਨੂੰ ਇਨ੍ਹਾਂ ਅੰਗਾਂ ਦੀ ਲੋੜ ਹੈ।" ਕਹਿ ਕੇ ਆਸ਼ੀਸ਼ ਮੇਰੇ ਚਿਹਰੇ ਵੱਲ ਵੇਖਣ ਲੱਗਾ।

ਉਦੋਂ ਹੀ ਡਾਕਟਰ ਵੀ ਨੇੜੇ ਆ ਗਏ, "ਮੈਡਮ, ਮੈਂ ਤੁਹਾਡੇ ਦੁੱਖ ਨੂੰ ਸਮਝ ਸਕਦਾ ਹਾਂ, ਪਰ ਤੁਹਾਡੀ ਬੇਟੀ ਦਾ ਬ੍ਰੇਨ ਪੂਰੀ ਤਰ੍ਹਾ ਡੈਮੇਜ ਹੋ ਚੁੱਕਾ ਹੈ, ਤੁਸੀਂ ਚਾਹੋ ਤਾਂ ਦੋ ਜਣਿਆਂ ਨੂੰ ਜੀਵਨ ਮਿਲ ਸਕਦਾ ਹੈ।"

ਡਾਕਟਰ ਦੀ ਆਵਾਜ਼ ਵਿੱਚ ਅਜੀਬ ਜਿਹੀ ਬੇਨਤੀ ਸੀ। ਮੇਰੇ ਕੰਨਾਂ ਵਿੱਚ ਰਚਨਾ ਦੀ ਉਹੀ ਆਵਾਜ਼ ਫਿਰ ਗੂੰਜੀ, "ਮੈਂ ਮਰਨ ਤੋਂ ਪਿੱਛੋਂ ਵੀ ਜੀਣਾ ਚਾਹੁੰਦੀ ਹਾਂ...।" ਆਖਰ ਰਚਨਾ ਦਾ ਅੰਤਿਮ ਦਰਸ਼ਨ ਕਰ ਕੇ ਮੈਂ ਸਹਿਮਤੀ ਦੇ ਦਿੱਤੀ ਸੀ। ਤੁਰੰਤ ਉਹਨੂੰ ਓ ਟੀ ਵਿੱਚ ਲਿਜ-'ਇਆ ਗਿਆ। ਡਾਕਟਰਾਂ ਦੀ ਟੀਮ ਆ ਗਈ। ਪ੍ਰੈੱਸ ਵਾਲੇ ਆ ਗਏ, ਇੱਕ



ਗਰੀਨ ਕੌਰੀਡੋਰ ਬਣਾਇਆ ਗਿਆ ਅਤੇ ਕਰੀਬ ਅੱਧੇ ਘੰਟੇ ਵਿੱਚ ਰਚਨਾ ਦਾ ਦਿਲ, ਲਿਵਰ ਨੂੰ ਦਿੱਲੀ ਅਤੇ ਬੰਗਲੌਰ ਭੇਜ ਦਿੱਤਾ ਗਿਆ। ਰਚਨਾ ਦੇ ਸਰੀਰ ਨੂੰ ਅਸੀਂ ਲੈ ਆਏ। ਜੋ ਸਵੇਰੇ ਹੱਸਦੀ-ਖੇਡਦੀ ਗਈ ਸੀ, ਉਹ ਪੀਲੀ-ਭੂਕ, ਚੁੱਪਚਾਪ ਪਈ ਸੀ। ਅੰਤਿਮ ਸਸਕਾਰ ਪਿੱਛੋਂ ਅਸੀਂ ਪਤੀ-ਪਤਨੀ ਬਹੁਤ ਇਕ-'ਲੇ ਹੋ ਗਏ ਅਤੇ ਦੋਵੇਂ ਇੱਕ ਦੂਜੇ ਨੂੰ ਹੌਸਲੇ ਦਿੰਦੇ ਰਹੇ। ਸਮਾਂ ਜ਼ਖਮਾਂ ਨੂੰ ਭਰ ਦਿੰਦਾ ਹੈ, ਪਰ ਇਹ ਜ਼ਖਮ ਤਾਂ ਅਜਿਹਾ ਸੀ, ਜਿਸ ਨੇ ਜੀਵਨ ਭਰ ਹਰਾ ਰਹਿਣਾ ਸੀ।

ਇੱਕ ਸ਼ਾਮ ਅਚਾਨਕ ਜਤਿਨ ਨਾਂਅ ਦੇ ਕਿਸੇ ਮੁੰਡੇ ਦਾ ਫੋਨ ਆਇਆ। ਆਸ਼ੀਸ਼ ਨੇ ਉਸ ਨਾਲ ਗੱਲ ਕੀਤੀ, ਪਰ ਮੈਂ ਸਮਝ ਨਹੀਂ ਸਕੀ ਕਿ ਆਖਰ ਗੱਲ ਕਰਦੇ ਕਰਦੇ ਆਸ਼ੀਸ਼ ਕਿਉਂ ਰੋ ਪਏ ਸਨ?

"ਕੀ ਗੱਲ ਹੈ ਆਸ਼ੀਸ਼?" ਮੈਂ ਆਸ਼ੀਸ਼ ਤੋਂ ਪੁੱਛਿਆ। ਹੱਥ ਵਿੱਚ ਫੋਨ ਫੜੇ-ਫੜੇ ਹੀ ਉਸ ਨੇ ਕਿਹਾ, "ਪਤਾ ਹੈ, ਓਧਰ ਕੌਣ ਹੈ?"

"ਕੌਣ ਹੈ?" ਮੈਂ ਹੈਰਾਨੀ ਨਾਲ ਪੁੱਛਿਆ।

"ਰਚਨਾ, ਆਪਣੀ ਬੇਟੀ।" "ਹਾਂ, ਰਚਨਾ ਦਾ ਦਿਲ ਬੋਲ ਰਿਹਾ ਹੈ।"

"ਕੀ ਮਤਲਬ?" ਮੈਂ ਬੜੀ ਹੈਰਾਨੀ ਨਾਲ ਪ੍ਰਸ਼ਨ ਕੀਤਾ। "ਤੂੰ ਆਪ ਹੀ ਗੱਲ ਕਰ ਲੈ।" ਕਹਿ ਕੇ ਆਸ਼ੀਸ਼ ਨੇ ਫੋਨ ਮੈਨੂੰ ਫੜਾ ਦਿੱਤਾ।

"ਹੈਲੋ ਮੰਮੀ ਜੀ, ਨਮਸਤੇ।"

"ਕੌਣ?"

"ਮੈਂ ਜਤਿਨ ਬੋਲ ਰਿਹਾ ਹਾਂ।"

"ਕੌਣ ਜਤਿਨ?"

"ਬੰਗਲੌਰ ਤੋਂ, ਜੀਹਨੂੰ ਰਚਨਾ ਦੀਦੀ ਦਾ ਹਾਰਟ ਲਾਇਆ ਗਿਆ ਹੈ।" ਜਤਿਨ ਨੇ ਕਿਹਾ।

"ਓਹ! ਕਿਸ ਤਰ੍ਹਾਂ ਹੋ ਬੇਟੇ।"

"ਮੈਂ ਬਿਲਕੁਲ ਠੀਕ ਹਾਂ, ਡਾਕਟਰ ਨੇ ਅਜੇ ਰੈਸਟ ਕਰਨ ਨੂੰ ਕਿਹਾ ਹੈ, ਠੀਕ ਹੁੰਦਿਆਂ ਹੀ ਮੈਂ ਆਵਾਂਗਾ।" ਉਧਰੋਂ ਭਾਵੁਕਤਾ ਭਰੀ ਆਵਾਜ਼ ਸੀ।

"ਜ਼ਰੂਰ ਜ਼ਰੂਰ। ਆਪਣਾ ਖਿਆਲ ਰੱਖੀਂ ਬੇਟਾ।"

"ਜੀ ਮੰਮੀ ਜੀ," ਕਹਿ ਕੇ ਫੋਨ ਬੰਦ ਹੋ ਗਿਆ ਸੀ।

ਮੈਂ ਅਜੀਬ ਜਿਹੀ ਭਾਵਨਾ ਵਿੱਚ ਵਹਿਣ ਲੱਗੀ ਸਾਂ। ਆਸ਼ੀਸ਼ ਦੇ ਚਿਹਰੇ ਨੂੰ ਵੇਖ ਰਹੀ ਸਾਂ। ਸਾਡੇ ਦੋਵਾਂ ਵਿਚਕਾਰ ਖਾਮੋਸ਼ੀ ਫੈਲੀ ਹੋਈ ਸੀ, ਪਰ ਇਸ ਖਾਮੋਸ਼ੀ ਵਿੱਚ ਵੀ ਅਸੀਂ ਇੱਕ ਦੂਜੇ ਨੂੰ ਸਮਝ ਰਹੇ ਸਾਂ। ਠੀਕ ਦੋ ਦਿਨਾਂ ਪਿੱਛੋਂ ਸਵੇਰੇ ਸਵੇਰੇ ਆਸ਼ੀਸ਼ ਬਾਥਰੂਮ ਵਿੱਚ ਸਨ ਤੇ ਮੈਂ ਰਸੋਈ ਵਿੱਚ। ਉਦੋਂ ਹੀ ਫੋਨ ਦੀ ਘੰਟੀ ਵੱਜੀ। ਮੈਂ ਫੋਨ ਚੁੱਕਿਆ ਤਾਂ ਉਧਰੋਂ ਆਵਾਜ਼ ਆਈ, "ਮੈਂ ਰਚਨਾ ਦੀ ਮੰਮੀ ਨਾਲ ਗੱਲ ਕਰਨੀ ਹੈ।"

"ਮੈਂ ਹੀ ਬੋਲ ਰਹੀ ਹਾਂ, ਪਰ ਬੇਟੀ, ਰਚਨਾ ਹੁਣ ਇਸ ਦੁਨੀਆ ਵਿੱਚ ਨਹੀਂ ਹੈ।" ਮੇਰੀ ਆਵਾਜ਼ ਵਿੱਚ ਦਰਦ ਸੀ। ਸ਼ਾਇਦ ਓਧਰ ਰਚਨਾ ਦੀ ਕੋਈ ਸਹੇਲੀ ਹੋਵੇਗੀ। ਸੋਚਿਆ, ਫੋਨ ਕੱਟ ਦੇਵੇਗੀ, ਪਰ ਇਉਂ ਨਹੀਂ ਹੋਇਆ।

ਉਸ ਨੇ ਬੜੀ ਸਹਿਜਤਾ ਨਾਲ ਕਿਹਾ, "ਮੰਮੀ ਜੀ, ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਉਹ ਇਸ ਦੁਨੀਆ ਵਿੱਚ ਨਹੀਂ ਹੈ, ਉਹਦਾ ਲਿਵਰ ਮੇਰੇ ਸਰੀਰ ਵਿੱਚ ਕੰਮ ਕਰ ਰਿਹਾ ਹੈ, ਮੈਂ ਦਿੱਲੀ ਤੋਂ ਭੂਮਿਕਾ ਬੋਲ ਰਹੀ ਹਾਂ।"

"ਓਹ, ਤੂੰ ਹੈਂ, ਤੂੰ ਕਿਵੇਂ ਹੈਂ ਬੇਟੀ।" ਮੇਰੀ ਆਵਾਜ਼ ਕੰਬ ਰਹੀ ਸੀ।

"ਮੰਮੀ ਜੀ, ਮੈਂ ਠੀਕ ਹਾਂ, ਤੁਹਾਡਾ ਫੋਨ ਨੰਬਰ ਮਿਲਿਆ ਹੈ ਤਾਂ ਥੈਂਕਸ ਕਰ ਰਹੀ ਹਾਂ। ਬਹੁਤ ਛੇਤੀ ਮੈਂ ਤੁਹਾਨੂੰ ਮਿਲਣ ਆਵਾਂਗੀ। ਜੇ ਤੁਸੀਂ ਕਦੇ ਦਿੱਲੀ ਆਓ ਤਾਂ ਮੇਰੇ ਕੋਲ ਠਹਿਰੋ। ਇਹੋ ਸਮਝੋ ਕਿ ਤੁਹਾਡੀ ਇੱਕ ਬੇਟੀ ਇਥੇ ਵੀ ਹੈ।"

"ਜ਼ਰੂਰ ਜ਼ਰੂਰ, ਆਪਣਾ ਧਿਆਨ ਰੱਖੀਂ ਧੀਏ।" ਕਹਿ ਕੇ ਮੈਂ ਅੱਗੇ ਕੁਝ ਨਹੀਂ ਬੋਲ ਸਕੀ ਸਾਂ। ਮੇਰਾ ਗਲਾ ਖੁਸ਼ਕ ਹੋ ਗਿਆ ਸੀ, ਫੋਨ ਕੱਟਣਾ ਪਿਆ ਸੀ। ਮੇਰਾ ਧਿਆਨ ਟੁੱਟਿਆ, ਦੁਪਹਿਰ ਦੀ ਧੁੱਪ ਢਲ ਕੇ ਸ਼ਾਮ ਬਣ ਰਹੀ ਸੀ। ਮੈਨੂੰ ਇਉਂ ਲੱਗਿਆ ਕਿ ਪਰਮਾਤਮਾ ਨੇ ਸਾਨੂੰ ਰਚਨਾ ਦੇ ਚਲੇ ਜਾਣ ਪਿੱਛੋਂ ਇੱਕ ਬੇਟਾ ਤੇ ਇੱਕ ਬੇਟੀ ਦੇ ਦਿੱਤੇ ਹਨ। ਰਚਨਾ ਦੀ ਇੱਛਾ ਪੂਰੀ ਕਰ ਕੇ ਅਸੀਂ ਉਹਨੂੰ ਮਰਨ ਪਿੱਛੋਂ ਵੀ ਮਰਨ ਨਹੀਂ ਦਿੱਤਾ। ਜਾਪਿਆ ਕੁਝ ਸਾਰਥਕ ਕਰ ਕੇ ਜੀਵਨ ਨੂੰ ਰਚਨਾ ਦੇ ਬਲਬੂਤੇ ਹੋਰ ਲੋਕਾਂ ਦੇ ਜੀਣ-ਯੋਗ ਬਣਾ ਦਿੱਤਾ ਸੀ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਨਾਨਕੇ ਜਾਣ ਦਾ ਚਾਅ



ਗੋਵਰਧਨ ਗੱਬੀ



ਕੁਝ ਦਿਨ ਪਹਿਲਾਂ ਮਨ੍ਹਾ ਕਰਨ ਦੇ ਬਾਵਜੂਦ ਮੇਰੀਆਂ ਭੈਣਾਂ ਤੇ ਮਾਂ ਦੇ ਮੋਹ ਭਰੇ ਦਬਾਅ ਕਾਰਨ ਸਾਡੇ ਵਿਆਹ ਦੀ ਸਿਲਵਰ ਜੁਬਲੀ, ਭਾਵ ਪੰਜੀਵੀਂ ਵਰ੍ਹੇਗੰਢ ਦੋਸਤਾਂ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਨਿੱਘੇ ਤਰੀਕੇ ਨਾਲ ਮਨਾਈ ਗਈ। ਭੈਣਾਂ, ਦੋਸਤਾਂ, ਭਰਾਵਾਂ ਤੇ ਬੱਚਿਆਂ ਨੇ ਖੂਬ ਰੰਗ ਬੰਨ੍ਹਿਆ। ਅਗਲੇ ਦਿਨ ਸਵੇਰੇ ਪਤਾ ਚੱਲਿਆ ਕਿ ਨੱਚਣ-ਟੱਪਣ ਕਾਰਨ ਸਰੀਰਕ ਪੱਖੋਂ ਕੁਝ ਅਮੀਰ ਭੈਣ ਦੀ ਗਰਦਨ ਨੂੰ ਵਲ਼ ਪੈ ਗਿਆ। ਘਰ ਦੇ ਹੋਰ ਜੀਆਂ ਵਿੱਚ ਬੈਠੀ ਭੈਣ ਦੁਖੀ ਸੀ। ਉਸ ਦੀ ਗਿਆਰਾਂ-ਬਾਰਾਂ ਸਾਲਾਂ ਦੀ ਧੀ ਵੀ ਨਾਲ ਰਜਾਈ ਵਿੱਚ ਸੁੱਤੀ ਹੋਈ ਸੀ। ਸੁੱਤੇ ਪਿਆਂ ਅਚਾਨਕ ਉਸ ਦੀ ਬਾਂਹ ਆਪਣੀ ਮਾਂ ਦੀ ਗਰਦਨ ਨਾਲ ਜਾ ਵੱਜੀ। ਭੈਣ ਦੀ ਚੀਕ ਨਿਕਲ ਗਈ। ਚੀਕ ਸੁਣ ਕੇ ਭਣੇਵੀਂ ਵੀ ਜਾਗ ਪਈ। ਜਿਵੇਂ ਪਤਾ ਲੱਗਾ ਕਿ ਉਸ ਦੀ ਮਾਂ ਦੀ ਗਰਦਨ ਆਕੜ ਗਈ ਹੈ, ਉਸ ਦੇ ਚਿਹਰੇ 'ਤੇ ਖੁਸ਼ੀ ਦੀਆਂ ਲਹਿਰਾਂ ਦੌੜਨ ਲੱਗੀਆਂ।

'ਤੇਰੀ ਮਾਂ ਦੁਖੀ ਹੈ ਤੇ ਤੂੰ ਖੁਸ਼ ਹੋ ਰਹੀ ਐਂ...।' ਮੈਂ ਹੈਰਾਨ ਹੋ ਕੇ ਪੁੱਛਿਆ।

'ਵੀਰ ਜੀ, ਤੁਹਾਨੂੰ ਨਹੀਂ ਪਤਾ ਕਿ ਇਹ ਖੁਸ਼ ਕਿਉਂ ਹੈ? ਅਸਲ ਵਿੱਚ ਇਹ ਕੱਲ੍ਹ ਦੀ ਦੁਖੀ ਸੀ ਕਿ ਅੱਜ ਅਸੀਂ ਵਾਪਸ ਆਪਣੇ ਘਰ ਚਲੇ ਜਾਣਾ ਹੈ, ਹੁਣ ਇਸ ਨੂੰ ਯਕੀਨ ਹੋ ਗਿਆ ਹੈ ਕਿ ਇਸ ਹਾਲਤ ਵਿੱਚ ਅੱਜ ਦਾ ਇੱਕ ਦਿਨ ਹੋਰ ਇਸ ਨੂੰ ਰਹਿਣ ਨੂੰ ਮਿਲ ਜਾਵੇਗਾ ਨਾਨਕਿਆਂ ਦੇ ਘਰ, ਨਾਨੀ ਤੇ ਮਾਮੇ-ਮਾਮੀਆਂ ਨਾਲ ਸਮਾਂ ਬਿਤਾਉਣ ਦਾ, ਟਿਊਸ਼ਨ, ਹੋਮ ਵਰਕ ਤੇ ਮੇਰੇ ਕੋਲੋਂ ਝਿੜਕਾਂ ਖਾਣ ਤੋਂ ਬਚਣ ਦਾ। ਵੀਰ ਜੀ ਤੁਹਾਨੂੰ ਨਹੀਂ ਪਤਾ ਜਦੋਂ ਕੱਲ੍ਹ ਪਾਰਟੀ ਚੱਲ ਰਹੀ ਸੀ ਤਾਂ ਇਸ ਨੇ ਮੇਰਾ ਜਿਊਣਾ ਮੁਹਾਲ ਕੀਤਾ ਹੋਇਆ ਸੀ ਕਿ ਮੰਮੀ ਕੱਲ੍ਹ ਘਰ ਨਹੀਂ ਜਾਣਾ, ਮੈਂ ਜਦੋਂ ਨਹਿਰੀਆਂ ਕੱਢੀਆਂ ਤਾਂ ਇਸ ਨੇ ਆਪਣੇ ਹਮ-ਉਮਰ ਭਰਾ ਕੋਲੋਂ ਇੱਕ ਦਿਨ ਹੋਰ ਰੁਕਣ ਦੀ ਸਿਫਾਰਸ਼ ਕਰਵਾਈ। ਵੀਰ ਜੀ, ਇਸ ਦੇ ਮਮੇਰੇ ਭਰਾ ਦੀ ਵੀ ਸੁਣ ਲਓ, ਪਰਸੋਂ ਜਦੋਂ ਅਸੀਂ ਅਜੇ ਘਰ ਪੈਰ ਹੀ ਪਾਇਆ ਸੀ ਤਾਂ ਪੁੱਛਣ ਲੱਗਾ ਕਿ ਭੂਆ ਜੀ ਤੁਸੀਂ ਵਾਪਸ ਕਦੋਂ ਜਾਣਾ ਹੈ, ਉਸ ਦੇ ਪੁੱਛਣ ਪਿੱਛੇ ਇਹ ਤੁਹਾਡੀ ਭਾਣਜੀ ਸੀ, ਪਰ ਉਨ੍ਹਾਂ ਦੀ ਆਪਣੀ ਇੱਕ ਨਿੱਜੀ ਲੋੜ ਸੀ। ਅਸਲ ਵਿੱਚ ਉਨ੍ਹਾਂ ਨੂੰ ਵੀ ਪਤਾ ਹੈ ਕਿ ਜਦੋਂ ਤੱਕ ਭੂਆ ਹੁਰੀਂ ਸਾਡੇ ਘਰ ਰਹਿਣਗੇ, ਤਦ ਤੱਕ ਉਹ ਵੀ ਆਪਣੀ ਮਾਂ ਦੀਆਂ ਨਹਿਰੀਆਂ, ਝਿੜਕਾਂ ਤੇ ਟਿਊਸ਼ਨ ਜਾਣ ਤੋਂ ਬਚੇ ਰਹਿਣਗੇ।' ਭੈਣ ਦੀਆਂ ਗੱਲਾਂ ਸੁਣ ਕੇ ਮੈਨੂੰ ਆਪਣਾ ਬਚਪਨ ਯਾਦ ਆ ਗਿਆ।

ਸਾਡੇ ਨਾਨਕੇ, ਸਾਡੇ ਪਿੰਡ ਤੋਂ ਪੰਦਰਾਂ ਵੀਹ ਕਿਲੋਮੀਟਰ ਦੂਰ ਵਸਦੇ ਪਿੰਡ ਸਨ। ਮਹੀਨੇ ਦੋ ਮਹੀਨੇ ਸਾਨੂੰ ਆਪਣੇ ਨਾਨਕੇ ਜਾਣ ਦਾ ਮੌਕਾ ਮਿਲ ਜਾਂਦਾ ਸੀ। ਸ਼ਾਮੀਂ ਦੋ ਵਜੇ ਗੱਡੀ ਸਾਡੇ ਪਿੰਡ ਵਾਲੇ ਰੇਲਵੇ ਸਟੇਸ਼ਨ ਪਹੁੰਚਦੀ ਸੀ ਤੇ ਤਿੰਨ ਕੁ ਵਜੇ ਅਸੀਂ ਨਾਨਕੇ ਘਰ ਪਹੁੰਚ ਜਾਂਦੇ ਸਾਂ। ਉਹੀ ਗੱਡੀ ਅਗਲੇ ਦਿਨ ਵਾਪਸੀ ਵਾਸਤੇ ਗਿਆਰਾਂ ਕੁ ਵਜੇ ਆ ਧਮਕਦੀ ਸੀ। ਸਾਡੇ ਸਵਾਗਤ ਲਈ ਨਾਨੀ ਦੀਆਂ ਖੁੱਲ੍ਹੀਆਂ ਬਾਹਾਂ ਦੇਖ ਕੇ ਸਾਡੀਆਂ ਬਾਸ਼ਾਂ ਖਿੜ ਜਾਣੀਆਂ। ਨਾਨੇ ਨੇ ਆਪਣੀਆਂ ਵੱਡੀਆਂ-ਵੱਡੀਆਂ ਮੁੱਛਾਂ ਨੂੰ ਨਚਾ ਨਚਾ ਕੇ ਸਾਡੇ ਨਾਲ ਕਲੋਲ ਕਰਨੇ। ਮਾਮੇ ਨੇ ਉਸੇ ਵੇਲੇ ਪਤੰਗ ਤੇ ਡੋਰ ਲੈ ਕੇ ਆ ਜਾਣਾ। ਮਾਮੀ ਨੇ ਲਾਡ ਲਡਾਉਣੇ। ਨਾਨੀ ਨੇ ਮਲਾਈ ਵਾਲਾ ਦੁੱਧ ਪਿਆ-ਪਿਆ ਸਾਡੀ ਮੱਤ ਮਾਰ ਦੇਣੀ। ਮਾਮੀ ਨੇ ਦੇਸੀ ਘਿਓ ਵਿੱਚ ਬਣੀਆਂ ਮੂਲੀਆਂ ਤੇ ਗਾਜਰਾਂ ਵਾਲੀਆਂ ਪਰੌਂਠੀਆਂ, ਉਪਰ ਮੱਖਣ ਰੱਖ ਕੇ ਅਤੇ ਦਹੀਂ ਵਿੱਚ ਗੁੜ ਪਾ ਕੇ ਦੇਣੀਆਂ। ਕਈ ਵਾਰ ਨਾਨੀ ਨੇ ਹੋਰਾਂ ਤੋਂ ਚੋਰੀ ਚੁਆਨੀ ਅਠਿਆਨੀ ਵੀ ਦੇ ਦੇਣੀ। ਅਸੀਂ ਦੁਕਾਨ 'ਤੇ ਜਾ ਕੇ ਭੂਕਣੇ, ਟਾਫੀਆਂ, ਮਖਾਣੇ ਤੇ ਬਾਲੂਸ਼ਾਹੀਆਂ ਖਾਣੀਆਂ। ਰੰਗ ਤੇ ਡੋਰ ਖਰੀਦ ਲੈਣੇ। ਮਾਮੇ ਨੇ ਝੱਟ ਸਾਨੂੰ ਨਾਲ ਲਿਜਾ ਕੇ ਗੁੱਡੀ ਚੜ੍ਹਾ ਦੇਣੀ। ਪੇਚੇ ਪਾਉਣੇ ਤੇ ਫਿਰ ਕਈ ਵਾਰ ਆਪਣੀ ਗੁੱਡੀ ਦੀ ਡੋਰ ਸਾਡੇ ਹੱਥ ਫੜਾ ਆਪ ਪਤੰਗ ਲੁੱਟਣ ਨੂੰ ਚਲੇ ਜਾਣਾ। ਇਸ ਤਰ੍ਹਾਂ ਅਸੀਂ ਕਈ ਵਾਰ ਉਸ ਦੀ ਚੜ੍ਹੀ ਗੁੱਡੀ ਵੀ ਕਟਾ ਦੇਣੀ। ਆਮ ਤੌਰ 'ਤੇ ਅਸੀਂ ਦੋ ਰਾਤਾਂ ਲਈ ਨਾਨਕੇ ਜਾਂਦੇ ਸੀ। ਪਹਿਲੀ ਰਾਤ ਤਾਂ ਖੁਸ਼ੀ ਵਿੱਚ ਬਹੁਤ ਜਲਦੀ ਨੀਂਦ ਆ ਜਾਣੀ, ਕਿਉਂਕਿ ਪਤਾ ਹੁੰਦਾ ਸੀ ਕਿ ਕੱਲ੍ਹ ਦਾ ਦਿਨ ਖੁਸ਼ੀਆਂ ਵਾਲਾ ਹੋਣਾ ਹੈ। ਸਾਰਾ ਦਿਨ ਖੇਡਣਾ-ਮੱਲਣਾ ਤੇ ਖਾਣਾ-ਪੀਣਾ ਹੈ। ਮਾਪਿਆਂ ਦੀਆਂ ਨਹਿਰੀਆਂ ਤੇ ਝਿੜਕਾਂ ਤੋਂ ਰਾਹਤ ਮਿਲਣੀ ਹੈ, ਪਰ ਔਖਾ ਹੋ ਜਾਂਦਾ ਸੀ ਅਗਲੀ ਰਾਤ ਬਿਤਾਉਣਾ। ਸ਼ਾਮ ਹੁੰਦੇ ਹੀ ਕੱਲ੍ਹ ਸਵੇਰੇ ਗਿਆਰਾਂ ਵਜੇ ਪਿੰਡ ਨੂੰ ਲਿਜਾਣ ਵਾਲੀ ਰੇਲ ਗੱਡੀ ਦੀ ਦਹਿਸ਼ਤ ਨੇ ਸਾਨੂੰ ਬਹੁਤ ਤੰਗ ਕਰਨਾ। ਅਸੀਂ ਬਥੇਰੇ ਨਾਟਕ ਕਰਨੇ। ਨਾਨੀ ਕੋਲ ਸਿਫਾਰਸ਼ਾਂ ਕਰਨੀਆਂ ਕਿ ਕਿਸੇ ਤਰ੍ਹਾਂ ਉਹ ਆਪਣੀ ਧੀ ਨੂੰ ਕਹੇ ਕਿ ਇੱਕ ਰਾਤ ਠਹਿਰ ਜਾਵੇ। ਨਾਨੀ ਨੇ ਆਪਣਾ ਫਰਜ਼ੀ ਨਿਭਾ ਦੇਣਾ, ਪਰ ਸਾਡੀ ਮਾਂ ਉਪਰ ਉਸ ਦਾ ਕੋਈ ਅਸਰ ਨਾ ਹੋਣਾ।

ਸ਼ਾਮ ਰਾਤ ਵਿੱਚ ਬਦਲਣੀ। ਫਿਰ ਹੋਰ ਗੂੜ੍ਹੀ ਹੋਣੀ। ਰੇਲ ਗੱਡੀ ਦੀ ਦਹਿਸ਼ਤ ਫੈਲਦੀ ਜਾਣੀ। ਅਸੀਂ ਦੋਵਾਂ ਭਰਾਵਾਂ ਨੇ ਮੰਜੇ ਉਪਰ ਲੰਮੇ ਪਏ ਹੋਏ ਵੀ ਬਲੌਰ ਖੇਡੀ ਜਾਣੇ। ਕਈ ਵਾਰ ਸਾਡੇ ਰੌਲੇ-ਰੱਪੇ ਤੋਂ ਦੁਖੀ ਹੋ ਕੇ ਪਾਪਾ ਜੀ ਨੇ ਸਾਨੂੰ ਝਿੜਕ ਦੇਣਾ ਤੇ ਇਹ ਕਹਿ ਕੇ ਘੂਰਾਣੇ ਮਾਰਨੇ ਸ਼ੁਰੂ ਕਰ ਦੇਣੇ ਕਿ 'ਸੌਂ ਜਾਓ ਹੁਣ, ਸਵੇਰੇ ਜਲਦੀ ਉਠਣਾ ਹੈ, ਗੱਡੀ ਕਈ ਵਾਰ ਦਸ ਪੰਦਰਾਂ ਮਿੰਟ ਪਹਿਲਾਂ ਵੀ ਆ ਜਾਂਦੀ ਹੈ।' ਨਾਨੀ ਜਾਂ ਨਾਨੇ ਦੀ ਆਵਾਜ਼ ਆਉਣੀ ਕਿ ਦੇਰ ਹੋ ਗਈ ਹੈ ਬੱਤੀ ਬੁਝਾ ਦਿਓ। ਅਚਾਨਕ ਹਨੇਰਾ ਪਸਰ ਜਾਣਾ। ਹੌਲੀ ਹੌਲੀ ਬਹੁਤ ਸਾਰੇ ਭਿੰਨ-ਭਿੰਨ ਪ੍ਰਕਾਰ ਦੇ ਖਤਰਨਾਕ ਘੁਰਾੜਿਆਂ ਤੇ ਬਾਹਰੋਂ ਧਰੇਕ ਵਿੱਚ ਰਹਿੰਦੇ ਬੀਡਿਆਂ-ਟਿੱਡਿਆਂ ਦੀਆਂ ਤਿੱਖੀਆਂ ਆਵਾਜ਼ਾਂ ਨੇ ਸਾਨੂੰ ਬੁਰੀ ਤਰ੍ਹਾਂ ਡਰਾਉਣਾ। ਸਾਨੂੰ ਲੱਗਣਾ ਕਿ ਘਰ ਵਿੱਚ ਬਹੁਤ ਸਾਰੇ ਭੂਤ-ਪ੍ਰੇਤ ਤੇ ਛਲੇਡੇ ਆ ਵੜੇ ਹਨ। ਨੀਂਦ ਨੇ ਅੱਖਾਂ ਉਪਰ ਭਾਰੂ ਹੋ ਜਾਣਾ, ਪਰ ਸਾਡੀ ਕੋਸ਼ਿਸ਼ ਰਹਿਣੀ ਕਿ ਕਿਸੇ ਨਾ ਕਿਸੇ ਤਰ੍ਹਾਂ ਨੀਂਦ ਨੂੰ ਦੂਰ ਰੱਖਿਆ ਜਾਵੇ। ਸਾਨੂੰ ਲੱਗਦਾ ਸੀ ਕਿ ਜਿਹੜਾ ਸਮਾਂ ਜਾਗ ਕੇ ਗੁਜ਼ਾਰਿਆ ਜਾਵੇਗਾ, ਉਹੀ ਸਾਡਾ ਹੈ, ਕਿਉਂਕਿ ਸੌਂ ਗਏ ਤਾਂ ਸਵੇਰ ਹੋ ਜਾਣੀ ਹੈ। ਜੇ ਸਵੇਰ ਹੋ ਗਈ ਤਾਂ ਗਿਆਰਾਂ ਵੀ ਵੱਜਣੇ ਹਨ। ਜੇ ਗਿਆਰਾਂ ਵੱਜੇ ਤਾਂ ਰੇਲ ਗੱਡੀ ਨੇ ਆ ਜਾਣਾ ਹੈ। ਇਸ ਤਰ੍ਹਾਂ ਸਾਡੀ ਘਰ ਵਾਪਸੀ ਨੂੰ ਰੋਕਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੋ ਜਾਣਾ ਹੈ, ਪਰ ਨੀਂਦ ਸਾਡੇ ਬੱਚਿਆਂ ਦੇ ਮਨ ਦੀ ਆਵਾਜ਼ ਸੁਣਦੀ ਸੀ ਭਲਾ।

# ਅੱਗ ਦੀ ਲਾਟ ਉੱਪਰ ਵੱਲ ਕਿਉਂ ਜਾਂਦੀ ਹੈ?

ਜੱਗਾ ਸਿੰਘ ਆਦਮਕੇ



ਬੱਚਿਓ! ਜਦੋਂ ਵੀ ਤੁਸੀਂ ਬਲਦੀ ਅੱਗ ਨੂੰ ਵੇਖਦੇ ਹੋ ਤਾਂ ਅਕਸਰ ਹੀ ਬਹੁਤਿਆਂ ਦੇ ਮਨਾਂ ਵਿੱਚ ਇਹ ਸਵਾਲ ਪੈਦਾ ਹੁੰਦਾ ਹੋਏਗਾ ਕਿ ਬਲਦੀ ਅੱਗ ਦੀ ਲਾਟ ਉੱਪਰ ਵੱਲ ਹੀ ਕਿਉਂ ਜਾ ਰਹੀ ਹੈ? ਕਿਸੇ ਬਲਦੀ ਵਸਤੂ ਦੇ ਹੇਠਾਂ ਥਾਂ ਹੋਣ ਦੇ ਬਾਵਜੂਦ ਵੀ ਅੱਗ ਦੀ ਲਾਟ ਹੇਠਾਂ ਵੱਲ ਕਿਉਂ ਨਹੀਂ ਜਾਂਦੀ? ਜਾਂ ਹਵਾ ਨਾ ਵਗਦੀ ਹੋਣ ਦੀ ਸੂਰਤ ਵਿੱਚ ਇਹ ਆਸੇ ਪਾਸੇ ਕਿਉਂ ਨਹੀਂ ਜਾਂਦੀ? ਅਜਿਹਾ ਹੋਣ ਪਿੱਛੇ ਗੈਸਾਂ ਹਨ। ਜਦੋਂ ਕਿਸੇ ਬਲਣਸ਼ੀਲ ਪਦਾਰਥ ਨੂੰ ਜਲਾਇਆ ਜਾਂਦਾ ਹੈ ਤਾਂ ਇਸ ਵਿੱਚੋਂ ਕਾਰਬਨ, ਹਾਈਡਰੋਜਨ ਵਰਗੀਆਂ ਜਲਣਸ਼ੀਲ ਗੈਸਾਂ ਨਿਕਲਦੀਆਂ ਹਨ। ਇਹ ਗੈਸਾਂ ਹਲਕੀਆਂ ਹੋਣ ਕਾਰਨ ਬਲਦੀਆਂ ਹੋਈਆਂ ਉੱਪਰ ਉੱਠਦੀਆਂ ਹਨ ਅਤੇ ਲਾਟ ਦੇ ਰੂਪ ਵਿੱਚ ਵਿਖਾਈ ਦਿੰਦੀਆਂ ਹਨ। ਅਜਿਹਾ ਹੋਣ ਕਾਰਨ ਹੀ ਸਾਡੇ ਵੱਲੋਂ ਮਾਰੀ ਫੂਕ ਜਾਂ ਵਗਦੀ ਹੋਈ ਹਵਾ ਕਾਰਨ ਲਾਟ ਦਾ ਡੋਲਣਾ ਵੀ ਇਨ੍ਹਾਂ ਗੈਸਾਂ ਕਾਰਨ ਹੀ ਹੁੰਦਾ ਹੈ। ਜਦੋਂ ਹਵਾ ਨਹੀਂ ਵਗ ਰਹੀ ਹੁੰਦੀ ਤਾਂ ਇਹ ਗੈਸਾਂ ਸਿੱਧੀਆਂ ਉੱਪਰ ਵੱਲ ਉੱਠਦੀਆਂ ਹਨ। ਵੱਖ ਵੱਖ ਬਲਣਸ਼ੀਲ ਪਦਾਰਥਾਂ ਦੀਆਂ ਲਾਟਾਂ ਦੇ ਰੰਗਾਂ ਵਿੱਚ ਵੀ ਅੰਤਰ ਹੁੰਦਾ ਹੈ। ਅਜਿਹਾ ਉਸ ਬਲਣਸ਼ੀਲ ਪਦਾਰਥ ਵਿੱਚੋਂ ਨਿਕਲਦੀਆਂ ਗੈਸਾਂ 'ਤੇ ਨਿਰਭਰ ਕਰਦਾ ਹੈ। ਕਈ ਪਦਾਰਥਾਂ ਦੇ ਜਲਣ 'ਤੇ ਕਈ ਨਾ ਬਲਣਯੋਗ ਗੈਸਾਂ ਦੀ ਬਹੁਤਤਾ ਹੁੰਦੀ ਹੈ। ਇਹ ਨਾ ਬਲਣਯੋਗ ਪਦਾਰਥ ਗਰਮ ਹੋ ਕੇ ਚਮਕਦੇ ਹਨ। ਇਨ੍ਹਾਂ ਦੀ ਲਾਟ ਪੀਲੀ ਚਮਕਦਾਰ ਹੁੰਦੀ ਹੈ। ਮੋਮਬੱਤੀ, ਲੱਕੜ, ਮਿੱਟੀ ਦਾ ਤੇਲ ਆਦਿ ਤੋਂ ਚਮਕਦਾਰ ਲਾਟ ਪੈਦਾ ਹੁੰਦੀ ਹੈ। ਅਜਿਹਾ ਇਨ੍ਹਾਂ ਪਦਾਰਥਾਂ ਦੇ ਜਲਣ ਤੋਂ ਪੈਦਾ ਗੈਸਾਂ ਵਿੱਚ ਕੁਝ ਨਾ ਬਲਣਯੋਗ ਪਦਾਰਥਾਂ ਕਾਰਨ ਹੁੰਦਾ ਹੈ। ਜਦੋਂਕਿ ਪੂਰੀ ਤਰ੍ਹਾਂ ਜਲਣਸ਼ੀਲ ਗੈਸਾਂ ਪੈਦਾ ਕਰਨ ਵਾਲੇ ਪਦਾਰਥਾਂ ਦੀ ਲਾਟ ਨੀਲੇ ਰੰਗ ਦੀ ਹੁੰਦੀ ਹੈ।


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Squire Ellis Dr / DENTISTRY / Countryside Dr


## ਹਲਕਾ ਫੁਲਕਾ



ਜੀਤੋ, ''ਬੇਟਾ, ਤੂੰ ਤਾਂ ਪੜ੍ਹਨ ਵਿੱਚ ਬੜਾ ਹੁਸ਼ਿਆਰ ਏਂ, ਫਿਰ ਟਿਊਸ਼ਨ ਵਾਲੇ ਨੂੰ ਰੱਖਣ ਦੀ ਕੀ ਲੋੜ ਹੈ?''
ਬਬਲੂ, ''ਮੰਮੀ, ਤੁਸੀਂ ਵੀ ਘਰ ਦਾ ਕੰਮ ਕਰਨ ਵਿੱਚ ਹੁਸ਼ਿਆਰ ਹੋ, ਨੌਕਰਾਣੀ ਰੱਖਣ ਦੀ ਕੀ ਲੋੜ ਹੈ?''

********

ਸਰਕਾਰ ਨੇ ਹੁਕਮ ਜਾਰੀ ਕੀਤਾ ਕਿ ਚਾਲਕ ਆਦਮੀ ਹੋਵੇ ਜਾਂ ਔਰਤ, ਦੋਪਹੀਆ ਵਾਹਨ ਚਾਲਕ ਲਈ ਹੈਲਮਟ ਪਾਉਣਾ ਲਾਜ਼ਮੀ ਹੈ।
ਇਹ ਖਬਰ ਸੁਣ ਕੇ ਪਤਨੀ ਨੇ ਅਲਮਾਰੀ ਖੋਲ੍ਹੀ ਅਤੇ ਬੋਲੀ, ''ਹਾਏ ਰੱਬਾ! ਹੁਣ ਇੰਨੇ ਸਾਰੇ ਮੈਚਿੰਗ ਹੈਲਮਟ ਖਰੀਦਣੇ ਪੈਣਗੇ।''
ਪਤੀ ਨੇ ਐਕਟਿਵਾ ਹੀ ਵੇਚ ਦਿੱਤੀ।

********

ਪਤੀ, ''ਨੀਂਦ ਨਹੀਂ ਆ ਰਹੀ।''
ਪਤਨੀ, ''ਰਸੋਈ ਵਿੱਚ ਭਾਂਡੇ ਪਏ ਹਨ, ਉਹੀ ਮਾਂਜ ਦਿਓ।''
ਪਤੀ, ''ਮੈਂ ਤਾਂ ਨੀਂਦ ਵਿੱਚ ਬੋਲ ਰਿਹਾ ਹਾਂ।''

*********

ਇੱਕ ਆਦਮੀ ਸੜੇ ਹੋਏ ਬੁੱਲ੍ਹਾਂ ਨਾਲ ਡਾਕਟਰ ਕੋਲ ਪਹੁੰਚਿਆ।
ਡਾਕਟਰ, ''ਤੇਰੇ ਬੁੱਲ੍ਹ ਕਿਵੇਂ ਸੜ ਗਏ?''
ਆਦਮੀ, ''ਪਤਨੀ ਪੇਕੇ ਜਾ ਰਹੀ ਸੀ, ਮੈਂ ਰੇਲਵੇ ਸਟੇਸ਼ਨ ਛੱਡਣ ਗਿਆ ਸੀ। ਖੁਸ਼ੀ ਨਾਲ ਇੰਜਣ ਚੁੰਮ ਲਿਆ।''


Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

23-ਮਾਰਚ ਸ਼ਹੀਦੀ ਦਿਵਸ 'ਤੇ

# ਭਾਰਤ ਦੇ ਮਹਾਨ ਸਪੂਤ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅਜੋਕੇ ਸੰਦਰਭ 'ਚ ਪ੍ਰਸੰਗਤਾ



ਜਗਦੀਸ਼ ਸਿੰਘ ਚੋਹਕਾ
9217997445
001-403-285-4208

ਭਾਰਤ ਦੇ ਇਨਕਲਾਬੀ ਸੰਘਰਸ਼ ਦੇ ਇਤਿਹਾਸ ਅੰਦਰ 'ਉ"ਤਰੀ ਭਾਰਤ ਦੇ ਸਮੁੱਚੇ ਆਵਾਮ ਨੂੰ 'ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ, ''ਹੋਰਨਾਂ ਤੋਂ ਬਿਨ੍ਹਾਂ, ''ਜੇਕਰ ਦੇਸ਼ ਭਗਤੀ, ਇਨਕਲਾਬੀ ਵਿਚਾਰਧਾਰਾ ਅਤੇ ਆਪਾਵਾਰੂ ਭਾਵਨਾ ਲਈ ਹਲੂਣਿਆਂ, ''ਉਹ ਸੀ, ਭਗਤ ਸਿੰਘ ਅਤੇ ਉਸ ਦੀ ਸ਼ਹਾਦਤ ? ਇਸੇ ਕਰਕੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਪ੍ਰਸੰਗਤਾ, 'ਅਤੀਤ ਅਤੇ ਵਰਤਮਾਨ ਸੰਦਰਭ 'ਚ ਉਸ ਦੇ ਖੁਦ ਪ੍ਰਗਟ ਕੀਤੇ ਵਿਚਾਰਾਂ ਅਨੁਸਾਰ ਅੱਜ ਵੀ ਸਵੈ-ਸਪਸ਼ਟ ਅਤੇ ਮਕਬੂਲ ਹੈ ! ਭਗਤ ਸਿੰਘ ਨੇ ਕਿਹਾ ਸੀ, 'ਕਿ ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, 'ਉਹਨੂੰ ਲਾਜਮੀ ਤੌਰ 'ਤੇ ਪੁਰਾਣੇ ਵਿਸ਼ਵਾਸ਼ਾਂ ਦੀ ਹਰ ਗੱਲ ਦੀ ਅਲੋਚਨਾ ਕਰਨੀ ਹੈ ! ਇਨ੍ਹਾਂ ਵਿਸ਼ਵਾਸ਼ਾਂ ਨੂੰ ਤਰਕ ਨਾਲ ਰੱਦ ਕਰਦੇ ਹੋਏ, 'ਇਹਦੇ ਹਰ ਪਹਿਲੂ ਨੂੰ ਵੰਗਾਰਨਾ ਹੋਵੇਗਾ ? ਇਨ-ਕਲਾਬ ਸੰਬੰਧੀ ਉਸ ਨੇ ਕਿਹਾ, 'ਕਿ ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਕਿਰਤੀ ਕਾਰਕੁਨਾਂ ਦੀ ਪੈਦਾਇਸ਼ ਹੁੰਦਾ ਹੈ ! ਪਰ ਮਾੜੀ ਗੱਲ ਇਹ ਹੈ, 'ਕਿ ਭਾਰਤੀ ਇਨਕਲਾਬ ਵਿੱਚ ਬੌਧਿਕ ਪੱਖ ਹਮੇਸ਼ਾਂ ਕਮਜ਼ੋਰ ਰਿਹਾ ਹੈ ! ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਕੰਮਾਂ ਦੇ ਪ੍ਰਭਾਵ ਵੱਲ ਧਿਆਨ ਨਹੀਂ ਦਿੱਤਾ ਗਿਆ ! ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ ! ਇਨਕਲਾਬ ! ਸਮਾਜ ਦਾ ਇੱਕ ਨਿਯਮ ਹੈ ? ਇਹ ਮਨੁੱਖੀ ਸਮਾਜ ਦੇ ਵਿਕਾਸ ਦਾ ਭੇਦ ਹੈ ! ਪਰ ਇਸ ਵਿੱਚ ਖੂਨ-ਖਰਾਬੇ ਨਾਲ ਲਿਬੜੀ ਜੱਦੋਂ-ਜਹਿਦ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਜਾਤੀ ਬਦਲੇ ਦੀ ਕੋਈ ਥਾਂ ਹੈ ! ਇਹ ਬੰਬ ਅਤੇ ਪਿਸਤੌਲ ਦਾ ਫਲਸਫ਼ਾ ਵੀ ਨਹੀਂ ਹੈ ? ਇਨਕਲਾਬ ! ਮਨੁੱਖ ਜਾਤੀ ਦਾ ਜਨਮ ਸਿੱਧ ਅਧਿਕਾਰ ਹੈ ! ਇਸ ਦਾ ਅਪਹਰਣ ਨਹੀਂ ਕੀਤਾ ਜਾ ਸਕਦਾ ਹੈ ? ਇਨਕਲਾਬ ਲਈ ਨਾਂ ਤਾਂ ਜਜ਼ਬਾਤੀ ਹੋਣ ਦੀ ਜਰੂਰਤ ਹੈ, ਨਾ ਮੌਤ ਦੀ ! ਇਸ ਲਈ ਲੋੜ ਹੈ ! ਲਾਜ਼ਮੀ ਸੰਘਰਸ਼, ਕਸ਼ਟ ਤੇ ਕੁਰਬਾਨੀਆਂ ਭਰੀ ਜਿੰਦਗੀ ਦੀ ? 23-ਮਾਰਚ ਭਾਰਤ ਦੀ ਆਜ਼ਾਦੀ ਸੰਗਰਾਮ ਦੇ ਅੰਦੋਲਨ ਦੇ ਇਤਿਹਾਸ 'ਚ ਇੱਕ ਅਜਿਹੀ ਘਟਨਾ ਹੈ ਜੋ ਕਦੀ ਭੁਲਾਈ ਨਹੀਂ ਜਾ ਸਕਦੀ ?

ਭਵਿੱਖ ਲਈ, 'ਭਗਤ ਸਿੰਘ ਨੇ ਆਜ਼ਾਦੀ ਬਾਦ, 'ਭਾਰਤ ਦੀ ਤਸਵੀਰ ਪੇਸ਼ ਕਰਦੇ ਕਿਹਾ, 'ਕਿ ਜੇਕਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕੁਰ ਹੋਵੇ ਤਾਂ ਲੋਕਾਂ ਨੂੰ ਕੀ ਫ਼ਰਕ ਪੈਣਾ ਹੈ ? ਇੱਕ ਕਿਸਾਨ ਵਾਸਤੇ ਇਸ ਨਾਲ ਕੀ ਫ਼ਰਕ ਪਏਗਾ, 'ਜੇਕਰ ਲਾਰਡ ਇਰਵਿਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ ? ਦੇਸ਼ ਵਿੱਚ ਅੰਗਰੇਜ਼ੀ ਸਰਮਾਇਆ ਵੱਧਣ ਨਾਲ ਭਾਰਤ ਦੀ ਗਿਰਾਵਟ ਅਟੱਲ ਹੋ ਜਾਵੇਗੀ ? ਭਵਿੱਖ ਵਿੱਚ ਬਹੁਤ ਛੇਤੀ ਹੀ ਅਸੀਂ ਆਪਣੇ ਦੇਸ਼ ਦੇ ਸਰਮਾਏਦਾਰ ਤਬਕੇ ਤੇ ਇਸਦੇ ਉਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਉਂਦੇ ਹੋਏ ਤੱਕਾਂਗੇ ? ਸਾਡੀ ਪੁਰਾਤਨ ਸੱਭਿਅਤਾ ਅਤੇ ਗੌਰਵ ਵਾਲੀ ਵਿਰਾਸਤ ਦਾ ਕੀ ਫ਼ਾਇਦਾ, 'ਜੇ ਸਾਡੇ 'ਚ ਇਹ ਸਵੈਮਾਣ ਨਾ ਰਹੇ, 'ਕਿ ਅਸੀਂ ਆਪਣੇ ਆਪ ਨੂੰ ਵਿਦੇਸ਼ੀ ਗੁਲਾਮੀ, ਵਿਦੇਸ਼ੀ ਪੈਸੇ, ਵਿਦੇਸ਼ੀ ਝੰਡੇ ਸਾਹਮਣੇ ਸਿਰ ਝਕਾਉਣ ਤੋਂ ਲਾ ਰੋਕ ਸੱਕੀਏ ? ਸਾਮਰਾਜ ! ਇਨਕਲਾਬੀਆਂ ਨੂੰ ਕਤਲ ਕਰ ਸਕਦਾ ਹੈ, ਪਰ ਇਨਕਲਾਬ ਨੂੰ ਨਹੀਂ ਮਾਰ ਸਕਦਾ। ਇਨਕਲਾਬ ਤੋਂ ਸਾਡਾ ਮੰਤਵ ਇਹ ਹੈ, 'ਕਿ ਮਾਜੂਦਾ ਨਿਜ਼ਾਮ ਨੂੰ ਜਿਹੜਾ ਕਿ ਸਰਾਸਰ ਬੇ-ਇਨਸਾਫੀ 'ਤੇ ਅਧਾਰਿਤ ਹੈ, ਤਬਦੀਲ ਕਰ ਦਿੱਤਾ ਜਾਵੇ ! ਲੁੱਟ-ਖਸੁੱਟ ਖਤਮ ਕਰ ਦਿੱਤੀ ਜਾਵੇ ਅਤੇ ਕਾਸ਼ਤਕਾਰ ਤੇ ਮਜ਼ਦੂਰ ਭੁੱਖੇ ਨਾ ਮਰਨ ? ਪਰ ! ਇਨਕਲਾਬ ਬਹੁਤ ਔਖਾ ਕੰਮ ਹੈ ! ਕੋਈ ਵੀ ਵਿਅਕਤੀ ਇਨਕਲਾਬ ਨਹੀਂ ਲਿਆ ਸਕਦਾ ? ਇਸ ਨੂੰ ਸੰਭਵ ਬਣਾਉਂਦੀਆਂ ਹਨ, ਵਿਸ਼ੇਸ਼ ਸਮਾਜਕ ਤੇ ਆਰਥਿਕ ਹਾਲਤਾਂ ? ਇਸ ਖਾਤਰ ਇਨਕਲਾਬੀ ਕਾਰਕੁੰਨਾਂ ਨੂੰ ਭਾਰੀ ਕੁਰਬਾਨੀ ਕਰਨੀ ਪੈਂਦੀ ਹੈ ? ਜਿਵੇਂ ਬਸੰਤ ਦੇ ਆਉਣ ਨੂੰ ਕਦੇ ਨਹੀਂ ਰੋਕਿਆ ਜਾ ਸਕਦਾ, ਉਸੇ ਤਰ੍ਹਾਂ ਲਹਿਰ ਕਦੇ ਨਹੀਂ ਕੁਚਲੀ ਜਾ ਸਕਦੀ ? ਇਹ ਉਦੋਂ ਤੱਕ ਖ਼ਤਮ ਨਹੀਂ ਹੁੰਦੀ, 'ਜਦੋਂ ਤੱਕ ਆਪਣੇ ਉਦੇਸ਼ ਪੂਰੇ ਨਹੀਂ ਕਰ ਲੈਂਦੀ । ਜਿਸਦੇ ਲਈ ਇਹ ਪੈਦਾ ਹੋਈ ਹੁੰਦੀ ਹੈ ? ਭਗਤ ਸਿੰਘ ਦੇ ਉਪਰੋਕਤ ਇਨ੍ਹਾਂ ਵਿਚਾਰਾਂ ਦੀ ਪਰਪੱਕਤਾ ਅੱਜ ਵੀ ਸਹੀ ਸਾਬਤ ਹੋ ਰਹੀ ਹੈ !

ਭਗਤ ਸਿੰਘ ਭਾਰਤ ਦੇ ਮਹਾਨ ਦੇਸ਼ ਭਗਤਾਂ ਅਤੇ ਮੁਕਤੀ ਅੰਦੋਲਨ ਦੌਰਾਨ ਉਠੀਆਂ ਵੱਖ-ਵੱਖ ਲਹਿਰਾਂ ਦੇ ਆਗੂਆਂ ਵਾਂਗ ਇਕ ਮਹਾਨ ਦੇਸ਼-ਭਗਤ ਹੋਏ ਹਨ। *ਸਗੋਂ ਭਗਤ ਸਿੰਘ ਨੇ ਜੇਲ੍ਹ ਅੰਦਰ ਇਕ ਮੁੱਢਲੇ ਸਮਾਜਵਾਦੀ ਚਿੰਤਕਾਂ ਅਤੇ ਵਿਚਾਰਵਾਨਾਂ ਵੱਜੋ ਪਰਪੱਕਤਾ ਵੀ ਪ੍ਰਾਪਤ ਕਰ ਲਈ ਸੀ। ਉਸ ਨੇ 24 ਸਾਲ ਦੀ ਘੱਟ ਉਮਰ ਵਿੱਚ ਹੀ ਅਰਥ-ਭਰਪੂਰ ਜੀਵਨ ਵਾਲੀਆਂ ਸਿਆਸੀ ਅਤੇ ਲੋਕ ਪੱਖੀ ਵਿਚਾਰਧਾਰਾ ਅਤੇ ਜੀਵਨ ਸ਼ੈਲੀ ਨੂੰ ਦੇਸ਼ ਭਰ ਅੰਦਰ ਇਕ ਮਾਡਲ ਵੱਜੋ ਪੇਸ਼ ਕਰਕੇ ਹੌਸਲਾ, ਕੁਰਬਾਨੀ, ਦੇਸ਼ ਪਿਆਰ, ਬਹਾਦਰੀ, ਲੋਕ ਨਾਇਕ ਵਜੋਂ ਅਤੇ ਬਰਤਾਨਵੀ ਸਾਮਰਾਜ ਲਈ ਇਕ ਇਨਕਲਾਬੀ ਹਊਆਂ ਬਣ ਕੇ, *ਅਮਰ ਸ਼ਹੀਦ ਦਾ ਰੁਤਬਾ ਪ੍ਰਾਪਤ ਕੀਤਾ ਸੀ। ਸ਼ਹੀਦ ਭਗਤ ਸਿੰਘ ! 1920-ਵਿਆਂ ਦੌਰਾਨ ਹੀ ਪੰਜਾਬ ਅਤੇ ਦੇਸ਼ ਦੇ ਬਾਕੀ ਕ੍ਰਾਂਤੀਕਾਰੀ ਨੌਜਵਾਨਾਂ ਵਿੱਚ ਸਭ ਤੋਂ ਵੱਧ ਮਕਬੂਲ ਆਗੂ ਸੀ ! ਉਸ ਨੇ ਹੀ ਸਭ ਤੋਂ ਪਹਿਲਾਂ ਅੰਗਰੇਜ਼ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਦਹਿਸ਼ਤ ਗਰਦਾਰਨ ਵਿਰੁਧ, *ਬੰਬਾਂ-ਪਿਸਤੌਲਾਂ ਉਪਰ ਮੁਕੰਮਲ ਨਿਰਭਰਤਾ ਤੋਂ ਇਨਕਾਰ ਕਰਕੇ ਜਵਾਬ ਦਿੱਤਾ ਸੀ। ਉਹ ਪੂਰਨ ਤੌਰ ਤੇ ਯਥਾਰਥਵਾਦੀ ਹੋਣ ਕਰਕੇ ਆਖਰੀ ਦਮ ਤਕ, *ਇਥੋਂ ਤਕ ਕਿ ਫਾਂਸੀ ਚੜ੍ਹਨ ਵੇਲੇ ਵੀ ਸਿਰ ਉਚਾ ਕਰਕੇ ਇਕ ਦੇਸ਼ ਭਗਤ ਵੱਜੋ ਉਸ ਨੇ ਸ਼ਹੀਦੀ ਪ੍ਰਾਪਤ ਕੀਤੀ। ਬਸਤੀਵਾਦੀ ਸਾਮਰਾਜ ਵਿਰੁਧ ਉਸ ਦੀ ਵਿਚਾਰਧਾਰਾ, ਵਿਸ਼ਵਾਸ਼ ਅਤੇ ਕੌਮੀ ਮੁਕਤੀ ਸੰਘਰਸ਼ ਵਿੱਚ ਪਇਆ ਯੋਗਦਾਨ ਇਕ ਅੰਤਰ-ਦ੍ਰਿਸ਼ਟੀ ਸੀ। ਉਸ ਨੇ ਕਿਹਾ ਸੀ, *ਕਿ ਪਿਸਤੌਲ ਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇੰਨਕਲਾਬ ਦੀ ਤਲਵਾਰ ਵਿਚਾਰਾਂ ਦੀ ਸ਼ਾਨ ਤੋਂ ਤਿੱਖੀ ਹੁੰਦੀ ਹੈ।

ਸ਼ਹੀਦ ਭਗਤ ਸ੍ਿੰਘ ਦਾ ਜਨਮ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੇ ਘਰ, ਪਿੰਡ ਬੰਗੇ (ਲਾਇਲਪੁਰ, ਪਾਕਿ-ਸਤਾਨ) ਵਿਖੇ ਹੋਇਆ। ਉਹ ਪੰਜ ਭਰਾ-ਭਗਤ ਸਿੰਘ, ਕੁਲਵੀਰ ਸਿੰਘ, ਕੁਲਤਾਰ ਸਿੰਘ, ਰਾਜਿੰਦਰ ਸਿੰਘ ਤੇ ਰਣਵੀਰ ਸਿੰਘ ਅਤੇ ਤਿੰਨ ਭੈਣਾ-ਬੀਬੀ ਅਮਰ ਕੌਰ, ਪ੍ਰਕਾਸ਼ ਕੌਰ ਅਤੇ ਸ਼ਕੁੰਤਲਾ ਸਨ। ਪ੍ਰਵਾਰ ਆਰੀਆ ਸਮਾਜੀ ਪ੍ਰਭਾਵ ਅਧੀਨ ਸੀ। ਭਗਤ ਸਿੰਘ ਦੇ ਚਾਚਾ ਮਹਾਨ ਦੇਸ਼ ਭਗਤ ਅਜੀਤ ਸਿੰਘ ਅਤੇ ਸਵਰਨ ਸਿੰਘ ਸਨ। ਜਦੋਂ ਭਗਤ ਸਿੰਘ ਪੈਦਾ ਹੋਇਆ ਤਾਂ ਪਿਤਾ ਸ:ਕਿਸ਼ਨ ਸਿੰਘ ਜੇਲ੍ਹ *ਚ ਰਿਹਾਅ ਹੋਏ, ਚਾਚਾ ਅਜੀਤ ਸਿੰਘ ਮਾਂਡਲਾ (ਬਰਮਾ) ਜੇਲ੍ਹ *ਚ ਰਿਹਾਅ ਹੋਇਆ। ਉਹ ਬਰਤਾਨਵੀ ਸਾਮਰਾਜ ਵਿਰੁਧ ਸੰਘਰਸ਼ ਕਰਦਾ ਸਾਰੀ ਉਮਰ ਜਲਾਵਤਨੀ ਰਿਹਾ ਅਤੇ 14-15 ਅਗਸਤ 1947 ਦੀ ਰਾਤ ਨੂੰ ਜਦੋਂ ਭਾਰਤ ਆਜ਼ਾਦ ਹੋ ਰਿਹਾ ਸੀ, ਡਲਹੌਜੀ ਵਿਖੇ ਸਦੀਵੀਂ ਵਿਛੋੜਾ ਦੇ ਗਿਆ। ਇਨ੍ਹਾਂ ਦੇ ਛੋਟੇ ਚਾਚਾ ਸ: ਸਵਰਨ ਸਿੰਘ ਵੀ ਛੋਟੀ ਉਮਰ ਵਿੱਚ ਜੇਲ੍ਹ ਅੰਦਰ ਅਕਹਿ ਤਸੀਹਿਆ ਕਾਰਨ ਸ਼ਹੀਦ ਹੋ ਗਏ ਸਨ। ਭਗਤ ਸਿੰਘ ਨੂੰ ਘਰੋ ਹੀ ਰਾਜਨੀਤੀ ਦੀ ਚੇਟਕ ਲੱਗੀ ! ਪ੍ਰਵਾਰਕ ਪਿਛੋਕੜ ਦੇਸ਼ ਭਗਤੀ ਲਈ ਪ੍ਰਨਾਇਆ ਹੋਣ ਕਰਕੇ ਭਗਤ ਸਿੰਘ ਵੀ ਇਹ ਤਮੰਨਾ ਲੈ ਕੇ ਤੁਰਿਆ, *ਕਿ ਮੇਰੀ ਜ਼ਿੰਦਗੀ ਦਾ ਮਹਾਨ ਮਕਸਦ, ਭਾਵ ! ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲੱਗੇ। ਇਸ ਲਈ ਉਸ ਦੀ ਜ਼ਿੰਦਗੀ ਵਿੱਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿਚ ਨਹੀਂ ਸੀ !

ਸ਼ਹੀਦ ਭਗਤ ਸਿੰਘ ਦੇ ਵਡੇਰਿਆਂ ਦਾ ਪਿੰਡ ਨਾਰਲੀ (ਅੰਮ੍ਰਿਤਸਰ) ਸੀ ਅਤੇ ਉਹ ਪਿੰਡ ਖਟਕੜ-ਕਲਾਂ (ਨਵਾਂਸ਼ਹਿਰ) ਵੱਸ ਗਏ ਸਨ। ਮੁੱਢਲੀ ਸਿੱਖਿਆ ਪਿੰਡ ਬੰਗੇ (ਲਾਇਲਪੁਰ) ਅਤੇ ਬਾਦ *ਚ ਲਾਹੌਰ ਵਿਖੇ ਨੈਸ਼ਨਲ ਕਾਲਜ ਤੋਂ ਪੜ੍ਹਾਈ ਕੀਤੀ। ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਜਿਥੇ ਵਿਰਸੇ *ਚ ਮਿਲਿਆ, ਉਸ ਤੋਂ ਬਿਨ੍ਹਾਂ ਦੇਸ਼ ਅੰਦਰ ਵਾਪਰੀਆਂ ਇਤਿਹਾਸਕ ਘਟਨਾਵਾਂ, ਸਖਸ਼ੀਅਤਾਂ ਅਤੇ ਉਸ ਦੇ ਸੰਗੀ-ਸਾਥੀਆਂ ਦੇ ਪ੍ਰਭਾਵ ਅਤੇ ਵਿਚਾਰਧਾਰਾਂ ਦਾ ਵੀ ਅਸਰ ਸੀ। 1857 ਦੀ ਪਹਿਲੀ ਜੰਗਿ-ਏ-ਆਜ਼ਾਦੀ, ਕੂਕਾ ਲਹਿਰ, ਗਦਰ ਪਾਰਟੀ, 1917 ਦਾ ਮਹਾਨ ਅਕਤੂਬਰ ਇਨਕਲਾਬ, 1919 ਦਾ ਜੱਲਿਆਂਵਾਲਾ ਬਾਗ ਸਾਕਾ, 1920-21 ਦਾ ਗਾਂਧੀ ਜੀ ਵੱਲੋਂ ਸੱਤਿਆ ਗ੍ਰਹਿ ਅੰਦੋਲਨ ਦੀ ਵਾਪਸੀ, ਕਕੋਰੀ ਕੇਸ, 1924 ਕਾਨ-ਪੁਰ ਸਾਜਿਸ਼ ਕੇਸ ਆਦਿ ਘਟਨਾਵਾਂ ਜਿਨ੍ਹਾਂ ਨੇ ਭਗਤ ਸਿੰਘ ਨੂੰ ਬੌਧਿਕ ਤੌਰ ਤੇ ਪ੍ਰਭਾਵਿਤ ਹੀ ਨਹੀਂ ਕੀਤਾ, ਸਗੋਂ ਇਕ ਪਰਪੱਕ ਇਨਕਲਾਬੀ ਵੀ ਬਣਾ ਦਿੱਤਾ। ਉਹ ਸਭ ਤੋਂ ਪਹਿਲਾਂ ਕੂਕਾ ਲਹਿਰ ਅਤੇ ਬਾਦ ਵਿੱਚ ਗਦਰ ਪਾਰਟੀ ਦੇ ਮਹਾਨ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਸ ਨੇ ਆਪਣਾ ਪ੍ਰੇਰਣਾ ਸਰੋਤ ਬਣਾਇਆ ! ਉਸ ਦੀ ਲਹਿਰ ਦੇ ਮਰਜੀਵੜੇ ਜਿਨ੍ਹਾਂ ਨਾਲ ਮਿਲ ਕੇ ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਕੁੱਦਿਆ-ਸਰਵ ਸਾਥੀ ਸ਼ਹੀਦ ਜਤਿੰਦਰ ਨਾਥ ਦਾਸ, ਭਗਵਾਨ ਦਾਸ ਜੌਹਰ, ਸੁਖਦੇਵ, ਰਾਜਗੁਰੂ, ਭਗਵਤੀ ਵੋਹਰਾ, ਉਨ੍ਹਾਂ ਦੀ ਜੀਵਣ ਸਾਥਣ ਦੁਰਗਾਵਤੀ, ਚੰਦਰ ਸ਼ੇਖਰ ਆਜ਼ਾਦ, ਅਜੈ ਘੋਸ਼, ਸੋਹਣ ਸਿੰਘ ਜੋਸ਼, ਸ਼ਿਵ ਵਰਮਾ, ਪੰ: ਕਿਸ਼ੋਰੀ ਲਾਲ, ਬੀ.ਕੇ.ਦੱਤ, ਰਾਮ ਕਿਸ਼ਨ, ਯਸ਼ਪਾਲ, ਗਨੇਸ਼ ਸ਼ੰਕਰ ਵਿਦਿਆਰਥੀ (ਪ੍ਰਤਾਪ ਅਖਬਾਰ) ਆਦਿ ਯੁੱਧ ਸਾਥੀ ਸਨ। ਸੰਸਾਰ ਅੰਦਰ ਅਤੀਤ ਤੇ ਵਰਤਮਾਨ ਸਮੇਂ ਦੀਆਂ ਜੁੱਗ-ਪਲਟਾਊ ਘਟਨਾਵਾਂ ਨੇ ਵੀ ਦੇਸ਼ ਦੇ ਨੌਜਵਾਨਾਂ ਵਿੱਚ ਇਕ ਨਵੀ ਆਸ ਦੀ ਕਿਰਨ ਪੈਦਾ ਕੀਤੀ। ਜਿਸ ਨੇ ਭਾਰਤ ਦੀ ਆਜ਼ਾਦੀ ਲਈ ਜਗਿਆਸਾ ਨੂੰ ਹੋਰ ਤੇਜ ਕੀਤਾ। ਪੰਜਾਬ ਅੰਦਰ ਕੂਕਾ ਲਹਿਰ, ਕਿਸਾਨੀ ਲਹਿਰਾਂ, ਜਲ੍ਹਿਆ ਵਾਲਾ ਬਾਗ ਦਾ ਦੁਖਦਾਈ ਕਾਂਡ, ਗੁਰ-ਦੁਆਰਾ ਸੁਧਾਰ ਲਹਿਰ, ਬਬਰ ਅਕਾਲੀ ਲਹਿਰ ਤੇ ਦੇਸ਼ ਅੰਦਰ ਮੁੱਢਲੇ ਦੌਰਾਂ ਅੰਦਰ ਪਨਪੀਆਂ ਦਹਿਸ਼ਤ ਪਸੰਦ-ਇਨਕਲਾਬੀ ਲਹਿਰਾਂ ਦਾ ਵੀ ਨੌਜਵਾਨਾਂ ਤੇ ਬਹੁਤ ਅਸਰ ਪਿਆ। ਪਰ ਸਭ ਤੋਂ ਵੱਧ ਪ੍ਰਭਾਵਤ ਕਰਨ ਵਾਲੀ ਘਟਨਾ ਸੀ, **1917 ਦਾ ਮਹਾਨ ਅਕਤੂਬਰ ਇਨ-ਕਲਾਬ** ਇਸ ਘਟਨਾ ਨੇ ਦੁਨੀਆਂ ਭਰ ਦੇ ਨੌਜਵਾਨਾਂ ਦੇ ਸਿਆਸੀ ਖਿਆਲਾਂ ਅਤੇ ਕਦਰਾਂ ਕੀਮਤਾਂ ਨੂੰ ਮੂਲੋ ਹੀ ਤਿਖਾਂ ਤੇ ਕੁਝ ਕਰਨ ਲਈ ਪ੍ਰੇਰਿਆ।

20-ਵੀਂ ਸਦੀ ਦੇ ਦੂਸਰੇ ਦਹਾਕੇ ਦੇ ਸ਼ੁਰੂ ਵਿੱਚ ਵਿਗਿਆਨਕ ਸਮਾਜਵਾਦ ਦੇ ਵਿਚਾਰਾਂ ਦੇ ਫੈਲਣ ਨਾਲ ਭਾਰਤ ਅੰਦਰ ਕਲਕੱਤਾ, ਮਦਰਾਸ, ਬੰਬਈ ਅਤੇ ਲਾਹੌਰ ਆਦਿ ਥਾਵਾਂ *ਤੇ ਮੁਢਲੇ ਕਮਿਊਨਿਸਟ ਗਰੁਪ ਹੋਂਦ ਵਿੱਚ ਆ ਗਏ ਸਨ। ਇਨ੍ਹਾਂ ਗਰੁਪਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਵਲ ਖਿਚਿਆ। ਪੰਜਾਬ ਅੰਦਰ ਕਿਰਤੀ ਕਿਸਾਨ ਪਾਰਟੀ ਦੇ ਇਕ ਆਗੂ ਸੋਹਣ ਸਿੰਘ ਜੋਸ਼ ਨਾਲ 12-ਅਪ੍ਰੈਲ 1926 ਨੂੰ ਭਗਤ ਸਿੰਘ ਦਾ ਮੇਲ ਹੋਇਆ। ਆਪਸੀ ਤਾਲਮੇਲ ਕਾਰਨ ਭਗਤ ਸਿੰਘ ਦੇ ਬੌਧਿਕ ਪ੍ਰਭਾਵ ਨੂੰ ਨਵੀਂ ਦਿਸ਼ਾ ਵੀ ਮਿਲੀ। ਇਸ ਪ੍ਰਭਾਵ ਕਾਰਨ ਹੀ ਭਗਤ ਸਿੰਘ, ਸੁਖਦੇਵ, ਭਗਵਤੀ ਚਰਨ ਵੋਹਰਾ, ਚੰਦਰ ਸ਼ੇਖਰ ਆਜ਼ਾਦ ਆਦਿ ਦੇ ਮਨਾ *ਤੇ ਇਨਕਲਾਬੀ ਦਹਿਸ਼ਤਪਸੰਦੀ ਵਿਚਾਰਾਂ ਦਾ ਪਿਆ ਜਾਦੂ ਕਮਜ਼ੋਰ ਹੋਇਆ ਅਤੇ ਉਨ੍ਹਾਂ ਨੇ ਅਗਵਾਈ ਲਈ ਮਾਰਕਸਵਾਦ ਵੱਲ ਰੁੱਖ ਕੀਤਾ। ਭਗਤ ਸਿੰਘ ਨੇ ਦੁਨੀਆ ਭਰ ਦੇ ਸਾਹਿਤ, ਇਤਿਹਾਸ, ਜੀਵਨੀਆਂ, ਅਰਥ-ਸ਼ਾਸਤਰ ਤੋਂ ਬਿਨਾਂ ਸਾਕੁਨਿਨ ਦੀ **ਰੱਬ ਅਤੇ ਰਾਜ**, ਕਰੋਪੋਤਕਿਨ ਦੀ ਆਪ ਬੀਤੀ, ਬਾਕੂਨਿਨ ਦੀ ਰੱਬ, ਆਇਰਿਸ ਰਿਪਬਲਿਕਨ ਆਰਮੀ ਦੇ ਮਾਇਕਲ ਕੋਲਿਨਜ਼ ਤੋਂ ਬਿਨ੍ਹਾਂ ਭਾਰਤੀ ਕਲਾਸੀਕਲ ਸਾਹਿਤ ਅਤੇ ਆਖਰੀ ਸਮੇਂ ਲੈਨਿਨ ਅਤੇ ਟਰਾਟਸਕੀ ਦੇ ਵਿਚਾਰਾਂ ਨੂੰ ਪੜ੍ਹਿਆ। ਫਾਂਸੀ ਤੋਂ ਪਹਿਲਾਂ ਭਗਤ ਸਿੰਘ ਨੇ ਰਾਜਸੀ ਤੌਰ *ਤੇ ਚੇਤਨ ਅਤੇ ਜਾਗਰੂਕ ਹੋ ਕੇ ਇਨਕਲਾਬੀ ਦਹਿਸ਼ਤਗਰਦੀ ਵਿਚਾਰਾਂ ਦੀ ਥਾਂ ਲੋਕਾਂ ਨੂੰ ਜਾਗਰੂਕ ਕਰਕੇ ਜਨਤਕ ਸੰਘਰਸ਼ਾਂ ਲਈ ਜ਼ੋਰ ਦਿੱਤਾ ਸੀ। ਭਗਤ ਸਿੰਘ ਨੇ ਆਜ਼ਾਦ ਸੋਚ ਅਤੇ ਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਖੂਬ ਅਧਿਅਨ ਕੀਤਾ। ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਗਠਨ ਉਸ ਦੀ ਰਾਜਸੀ, ਸਮਾਜੀ ਅਤੇ ਆਰਥਿਕ ਪ੍ਰਬੰਧ ਬਾਰੇ ਪਹੁੰਚ ਵੱਲ ਇਸ਼ਾਰਾ ਹੈ।

ਭਾਰਤ ਅੰਦਰ ਆਜ਼ਾਦੀ ਅੰਦੋਲਨ ਵਿੱਚ ਪਾਏ ਯੋਗਦਾਨ ਕਰਕੇ ਹੋਰਨਾਂ ਤੋਂ ਇਲਾਵਾ ਦੋ ਅਹਿਮ ਸਖਸ਼ੀਅਤਾਂ ਸਨ, 'ਜਿਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ ! ਇਕ ਸ਼ਹੀਦ ਭਗਤ ਸਿੰਘ ਤੇ ਦੂਸਰਾ ਗਾਂਧੀ ਜੀ। ਆਜ਼ਾਦੀ ਬਾਦ ਦੇਸ਼ ਦੇ ਪੂੰਜੀਵਾਦੀ ਧਾਰਨਾ ਵਾਲੇ ਹਾਕਮਾਂ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਉਸ ਦੀ ਪਰਪੱਕ ਵਿਚਾਰਧਾਰਾ ਕਰਕੇ ਕੌਮੀ ਪੱਧਰ 'ਤੇ ਅਜੇ ਤਕ ਵੀ ਮਾਨਤਾ ਨਹੀਂ ਦਿੱਤੀ। ਇਸ ਦੇ ਬਾਵਜੂਦ ਵੀ ਉਹ ਅੱਜ ਦੇਸ਼ ਦੇ ਨੌਜਵਾਨਾਂ *ਚ ਖਾਸ ਸਥਾਨ ਰੱਖਦਾ ਹੈ। ਉਸ ਦੇ ਵਿਚਾਰ, ਲਿਖਤਾਂ ਅਤੇ ਕੁਰਬਾਨੀ ਨੂੰ ਮਿਟਾਇਆ ਨਹੀਂ ਜਾ ਸਕਦਾ। ਭਗਤ ਸਿੰਘ **ਨੌਜਵਾਨ-ਸ਼ਕਤੀ** ਅਤੇ ਉਨ੍ਹਾਂ ਦੀਆਂ ਭਾਵਨਾਂ ਨੂੰ ਬਹੁਤ ਚੰਗੀ ਤਰ੍ਹਾਂ ਪਛਾਣਦਾ ਸੀ ! ਨੌਜਵਾਨਾਂ ਦੇ ਨਾਂ ਬਹੁਤ ਸਾਰੇ ਸੰਦੇਸ਼ਾਂ *ਚ ਉਸ ਨੇ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਜੋ ਮਹਾਨ ਕਾਰਜ ਉਨ੍ਹਾਂ ਨੇ ਨੇਪਰੇ ਚਾੜ੍ਹਨਾ ਹੈ, ਉਸ ਨੂੰ ਸਮਝਣ ਲਈ ਕਿਹਾ। ਉਹਨਾਂ ਨੂੰ ਆਪਣੇ ਦਿਲ *ਚ ਇਹ ਗੱਲ ਵਸਾ ਲੈਣੀ ਚਾਹੀਦੀ ਹੈ, *ਕਿ ਸਫਲਤਾ ਤਾਂ ਸਬਬ ਨਾਲ ਹੈ, ਜਦਕਿ ਕੁਰਬਾਨੀ ਇਕ ਨਿਯਮ ਹੈ। ਅੱਜ ਜਦੋਂ ਦੇਸ਼ ਦੇ ਹਾਕਮਾਂ ਨੇ ਨੌਜਵਾਨਾਂ ਨੂੰ ਨਸ਼ਿਆਂ, ਅੰਧ-ਵਿਸ਼ਵਾਸ਼ਾਂ ਅਤੇ ਖੱਪਤਵਾਦੀ ਚਮਕ-ਦਮਕ ਰਾਹੀ ਬਰਬਾਦੀ ਵੱਲ ਧੱਕ ਦਿੱਤਾ ਹੈ, ਤਾਂ ਭਗਤ ਸਿੰਘ ਦੇ ਉਪਰੋਕਤ ਕਥਨਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਉਸ ਨੇ ਭਾਰਤ ਦੇ ਨੌਜਵਾਨਾਂ ਨੂੰ ਕਿਹਾ ਸੀ, **ਕਿ ਆਪਣਾ ਭਰਮ ਛੱਡੋ, ਨਿਡਰ ਹੋ ਕੇ ਹਕੀਕਤ ਦਾ ਸਾਹਮਣਾ ਕਰੋ। ਸੰਘਰਸ਼ਾਂ, ਕਠਿਨਾਈਆਂ ਅਤੇ ਬਲੀਦਾਨਾਂ ਤੋਂ ਨਾ ਘਬਰਾਓ। ਮਾਇਆਵਾਦ, ਕਿਸਮਤਵਾਦ, ਈਸ਼ਵਰਵਾਦ ਆਦਿ ਨੂੰ ਮੈਂ ਚੰਦ ਕੁ ਲੋਟੂਆਂ ਵੱਲੋਂ ਸਾਧਾਰਨ ਜਨਤਾ ਨੂੰ ਭੁਚਲਾਉਣ ਲਈ ਖੋਜੀ ਗਈ ਜ਼ਹਿਰੀਲੀ ਘੁੱਟੀ ਤੋਂ ਵੱਧ ਮੈਂ ਕੁਝ ਨਹੀਂ ਸਮਝਦਾ (ਪੀ-ਪਲਜ਼ ਅਖਬਾਰ ਲਾਹੌਰ) !

ਭਗਤ ਸਿੰਘ ਇਕ ਤਰਕਸ਼ੀਲ ਅਤੇ ਵਿਰੋਧ ਵਿਕਾਸੀ ਪਦਾਰਥਵਾਦੀ ਸੋਚ ਦਾ ਪੱਕਾ ਧਾਰਨੀ ਸੀ। ਹਾਕਮਾਂ ਅਤੇ ਅਖੌਤੀ ਬਾਬਿਆਂ ਵੱਲੋਂ ਅੱਜ ਜੋ ਭਰਮ ਭੁਲੇਖੇ ਪਾ ਕੇ ਗਰੀਬ ਜਨਤਾ ਨੂੰ ਅੰਧੇਰੇ ਵੱਲ ਧੱਕਿਆ ਜਾ ਰਿਹਾ ਹੈ, ਵਿਰੁਧ ਉਸ ਦੇ ਵਿਚਾਰ ਸਨ, *ਕਿ ਰੱਬ, ਪੁਨਰ ਜਨਮ, ਸਵਰਗ, ਦੰਡ ਅਤੇ ਰੱਬ ਵੱਲੋਂ ਕੀਤੇ ਜਾਣ ਵਾਲੇ ਜੀਵਨ ਦੇ ਹਿਸਾਬ-ਕਿਤਾਬ ਆਦਿ *ਚ ਕੋਈ ਵਿਸ਼ਵਾਸ਼ ਨਾ ਰੱਖੋ ! ਸਗੋਂ ਸਾਨੂੰ ਜੀਵਨ ਅਤੇ ਮੌਤ ਦੇ ਵਿਸ਼ੇ ਬਾਰੇ ਹਮੇਸ਼ਾਂ ਪਦਾਰਥਵਾਦੀ ਢੰਗ ਨਾਲ ਸੋਚਣਾ ਚਾਹੀਦਾ ਹੈ। ਰੱਬ ! ਉਪਰ ਵਿਸ਼ਵਾਸ਼ ਰਹੱਸਵਾਦ (ਗੈਬੀ ਸ਼ਕਤੀ) ਦਾ ਹੀ ਨਤੀਜਾ ਹੈ। ਰਹੱਸਵਾਦ ! ਮਾਨਸਿਕ ਕਮਜ਼ੋਰੀ ਦੀ ਸੁਭਾਵਿਕ ਪੈਦਾਵਾਰ ਹੈ। ਅੱਜ ਵੀ ਦੇਸ਼ ਅੰਦਰ ਫਿਰਕਾਪ੍ਰਸਤੀ, ਕੱਟੜਵਾਦ ਅਤੇ ਅੰਧ-ਵਿਸ਼ਵਾਸ਼ਾਂ ਸਬੰਧੀ ਭਗਤ ਸਿੰਘ ਦੀ ਵਿਗਿਆਨਕ ਸੋਚ ਬਿਲਕੁਲ ਢੁੱਕਵੀਂ ਅਤੇ ਦਰੁਸਤ ਹੈ। ਧਰਮ ! ਜਦੋਂ ਸਿਆਸਤ ਨਾਲ ਘੁਲ-ਮਿਲ ਜਾਂਦਾ ਹੈ ਤਾਂ ਇਹ ਇਕ ਘਾਤਕ ਜ਼ਹਿਰ ਬਣ ਜਾਂਦੀ ਹੈ, ਜੋ ਭਰਾ ਨੂੰ ਭਰਾ ਨਾਲ ਲੜਾਉਂਦੀ ਹੈ, ਜੁਝਾਰੂ ਮਾਨਸਿਕਤਾ ਨੂੰ ਕਮਜ਼ੋਰ ਕਰਦੀ ਹੈ, **ਇਸ ਤਰ੍ਹਾਂ ਕੌਮ ਨੂੰ ਸਾਮਰਾਜੀ ਸਾਜਿਸ਼ਾਂ ਦੇ ਹਮਲਾਵਰ ਤਸੀਹਿਆ ਦਾ ਸ਼ਿਕਾਰ ਬਣਾ ਦਿੰਦੀ ਹੈ। ਉਸ ਦੀ ਉਪਰੋਕਤ ਵਿਗਿਆਨਕ ਸੋਚ ਹੋਣ *ਤੇ ਵੀ ਕੋਈ ਉਸ ਨੂੰ ਹੈਟ ਪਹਿਨਾ ਕੇ, ਕੋਈ ਪੱਗ ਬੰਨ੍ਹੀ ਦਿਖਾ ਕੇ ਅਤੇ ਹੱਥ *ਚ ਪਿਸਤੌਲ ਫੜਾਅ ਕੇ ਵੰਡੀਆਂ ਪਾ ਰਹੇ ਹਨ। **ਭਗਤ ਸਿੰਘ ਨੇ ਖੁਦ ਧਰਮ ਬਾਰੇ ਲਿਖਿਆ, *ਕਿ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਨਫ਼ਰਤ ਸਿਖਾਏ, ਅੰਧ-ਵਿਸ਼ਵਾਸ਼ਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ *ਚ ਰੁਕਾਵਟ ਬਣੇ ਅਤੇ ਦਿਮਾ॥ ਨੂੰ ਖੁੰਡਾ ਕਰੇ, ਉਹ ਮੇਰਾ ਕਦੀ ਧਰਮ ਨਹੀਂ ਹੋ ਸਕਦਾ !**

ਸ਼ਹੀਦ ਭਗਤ ਸਿੰਘ ਦੀ ਵਿਸ਼ਲੇਸ਼ਣੀ ਸੋਚ ਕਾਲਜ ਦੇ ਸਮੇਂ ਜੋ ਪਨਪੀ ਸੀ, ਉਸ ਨੂੰ ਪਿੰ: ਸ਼ਬੀਲ ਦਾਸ ਦੇ ਵਿਚਾਰਾਂ ਅਤੇ ਦਵਾਰਕਾ ਦਾਸ ਲਾਇਬ੍ਰੇਰੀ ਦੀਆਂ ਵੱਡ-ਮੁੱਲੀਆਂ ਪੁਸਤਕਾਂ ਦੇ ਅਧਿਐਨ ਨੇ ਹੋਰ ਪ੍ਰੱਪਕ ਕੀਤਾ ! 1919 ਦੇ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਬਾਦ 1920-21 ਦੌਰਾਨ ਦੇਸ਼ ਅੰਦਰ ਚਲਾਏ ਸੱਤਿਆਗ੍ਰਿਹ ਅੰਦੋਲਨ ਨੂੰ ਗਾਂਧੀ ਜੀ ਵੱਲੋਂ ਵਾਪਸ ਲੈਣ ਕਾਰਨ, *ਸਾਰੇ ਦੇਸ਼ ਭਰ ਦੇ ਨੌਜਵਾਨਾਂ ਅੰਦਰ ਇਕ ਰੋਹ ਪੈਦਾ ਹੋਇਆ। ਜਿਸ ਦਾ ਸਿੱਟਾ, ਦੇਸ਼ ਵਿੱਚੋਂ ਬਰਤਾਨਵੀ ਸਾਮਰਾਜੀਆਂ ਨੂੰ ਬਾਹਰ ਕੱਢਣ ਲਈ ਗਰਮ ਖਿਆਲੀ ਨੌਜਵਾਨਾਂ ਵੱਲੋਂ ਹਥਿਆਰ ਬੰਦ ਢੰਗ ਅਪਣਾਇਆ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ 1925 ਨੂੰ ਭਾਰਤ ਨੌਜਵਾਨ ਸਭਾ ਅਤੇ ਪਿਛੋਂ 1928 ਨੂੰ **ਹਿੰਦੋਸਤਾਨ ਸੋਸ਼ਲਿਸਟ ਰਿਪ-ਬਲਿਕਨ ਆਰਮੀ**ਦਾ ਗਠਨ ਕੀਤਾ ਗਿਆ। ਪਰ ਸਾਂਡਰਸ ਦੇ ਕਤਲ ਬਾਦ ਭਗਤ ਸਿੰਘ ਨੇ ਦਿੱਲੀ ਅਸੰਬਲੀ *ਚ 8 ਅਪ੍ਰੈਲ 1929 ਨੂੰ ਬੰਬ ਸੁਟੇ ਜਾਣ *ਤੇ ਗ੍ਰਿਫਤਾਰ ਹੋਣ *ਤੇ , ਜੇਲ੍ਹ ਸਮੇਂ ਦੌਰਾਨ ਬਹੁਤ ਸਾਰੇ ਫਲਸਫ਼ਿਆ, ਇਤਿਹਾਸ, ਵਿਚਾਰਾਂ, ਲਿਖਤਾਂ ਅਤੇ ਬਹਿਸਾਂ ਬਾਦ ਇਕ ਪਰਪੱਕ ਮਾਰਕਸਵਾਦੀ ਵੱਜੋ ਮੰਨਿਆ, *ਕਿ ਕਤਲਾਂ ਜਾਂ ਪਿਸਤੌਲ ਦੀ ਗੋਲੀ ਰਾਹੀ ਸਮਾਜਕ ਤਬਦੀਲੀ ਨਹੀਂ ਆ ਸਕਦੀ ? ਸਮਾਜਕ ਤਬਦੀਲੀ ਲਈ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਅਤੇ ਨੌਜਵਾਨਾਂ ਦੀ ਇਕ ਮਜ਼ਬੂਤ ਜੱਥੇਬੰਦੀ ਹੋਣੀ ਚਾਹੀਦੀ ਹੈ। ਹਿੰਸਾ ਦੀ ਵਰਤੋ ਤਦ ਹੀ ਹੋਣੀ ਚਾਹੀਦੀ ਹੈ, ਜਦੋਂ ਬੇਹੱਦ ਔਖੀ ਸਥਿਤੀ *ਚ ਨਿਕਲਣ ਦਾ ਕੋਈ ਹੋਰ ਰਾਹ ਨਾ ਹੋਵੇ ? ਇਹ ਵਰਤੋਂ ਸਮਾਜਕ ਤਬਦੀਲੀ ਲਈ ਹੀ ਕੀਤੀ ਜਾ ਸਕਦੀ ਹੈ, ਇਕ ਕੌਮ ਨੂੰ ਦੂਸਰੀ ਕੌਮ ਜਾਂ ਇਕ ਧਰਮ ਨੂੰ ਦੂਸਰੇ ਧਰਮ ਵਿਰੁਧ ਨਹੀਂ ? ਆਪਣੇ ਉਪਰੋਕਤ ਵਿਚਾਰਾਂ ਲਈ ਉਹ ਦਲੀਲ ਦਿੰਦੇ ਹਨ, "ਕਿ ਮੈਂ ਤੇ ਤੁਸੀਂ ਇਸ ਦੇਸ਼ ਵਿੱਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੇ ਖਿਆਲਾਂ ਨੂੰ ਜਨਮ ਨਹੀਂ ਦਿੱਤਾ। ਬਲਕਿ ਇਹ ਵਕਤ ਅਤੇ ਹਲਾਤਾਂ ਦਾ ਸਾਡੇ ਉਪਰ ਅਸਰ ਦਾ ਨਤੀਜਾ ਹੈ।

ਜੱਥੇਬੰਦਕ ਸ਼ਕਤੀ ਪ੍ਰਤੀ ਆਪਣਾ ਨਜ਼ਰੀਆ ਪੇਸ਼ ਕਰਦੇ ਹੋਏ ਭਗਤ ਸਿੰਘ ਨੇ ਕਿਹਾ,"ਕਿ ਜਦ ਅਸੀਂ ਇਸ ਕਿਸਮ ਦੇ ਮੁਸ਼ਕਿਲ ਕੰਮ ਨੂੰ ਹੱਥ 'ਚ ਲਿਆ ਹੈ, ਤਾਂ ਜਾਰੀ ਰੱਖਣਾ ਚਾਹੀਦਾ ਹੈ ਅਤੇ ਅੱਗੇ ਵਧਾਉਣਾ ਚਾਹੀਦਾ ਹੈ। ਪਹਿਲਾ ਆਪਣਾ ਨਿਜ਼ਵਾਦ ਖਤਮ ਕਰੋ। ਨਿਜੀ ਆਰਾਮ ਦੇ ਸੁਪਨੇ ਲਾਂਹ ਕੇ ਇਕ ਪਾਸ ਰੱਖ ਦਿਓ ਤੇ ਫਿਰ ਕੰਮ ਸ਼ੁਰੂ ਕਰੋ। ਇੰਚ ਇੰਚ ਕਰਕੇ ਤੁਸੀਂ ਅੱਗੇ ਵੱਧੋਗੇ। ਪਰ ਸਾਮਰਾਜੀ ਜਬਰ ਵੀ ਤੇਜ਼ ਹੋਵੇਗਾ ? ਉਹ ਵਿਅਕਤੀਆਂ ਨੂੰ ਕਤਲ ਕਰ ਸਕਦੇ ਹਨ, ਪਰ ਵਿਚਾਰਾਂ ਨੂੰ ਨਹੀਂ ?

ਮਨੁੱਖਤਾ ਪ੍ਰਤੀ ਵਿਚਾਰ ਪ੍ਰਗਟ ਕਰਦੇ ਹੋਏ ਭਗਤ ਸਿੰਘ ਲਿਖਦਾ ਹੈ, *ਕਿ ਜਿਸ ਦਿਨ ਮਨੁੱਖਤਾ ਦੀ ਸੇਵਾ ਅਤੇ ਦੁੱਖ ਝਾਗ ਰਹੀ ਮਨੁੱਖਤਾ ਦੀ ਨਿਜ਼ਾਤ ਦੀ ਭਾਵਨਾ ਨਾਲ ਮਰਦ-ਔਰਤਾਂ ਅੱਗੇ ਆ ਗਏ,*ਉਸ ਦਿਨ ਤੋਂ ਆਜ਼ਾਦੀ ਦਾ ਯੁੱਗ ਸ਼ੁਰੂ ਹੋਵੇਗਾ ! ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਪਹਿਲਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਹੀ ਆਵਾਜ਼ ਬੁਲੰਦ ਕੀਤੀ। ਜਦਕਿ ਕਾਂਗਰਸ ਪਾਰਟੀ ਵੱਲੋਂ ਇਹ ਮੱਤਾ 20-ਮਾਰਚ 1929 ਨੂੰ ਪੇਸ਼ ਕੀਤਾ। ਕਿਰਤੀਆਂ ਅਤੇ ਸ਼ਹਿਰੀ ਆਜ਼ਾਦੀਆਂ ਵਿਰੁਧ ਬਰਤਾਨਵੀ ਸਾਮਰਾਜ ਵੱਲੋਂ ਪੇਸ਼ ਪਬਲਿਕ ਸੇਫਟੀ ਬਿਲ ਅਤੇ ਸਨਅਤੀ ਵਿਵਾਦ ਬਿਲ ਦੇ ਵਿਰੋਧ ਵਿੱਚ **ਬੋਲੇ ਸਾਮਰਾਜੀਆਂ** ਤੇ ਉਨ੍ਹਾਂ ਨਾਲ ਮੇਲ ਮਿਲਾਪ ਰੱਖਣ ਵਾਲੇ ਭਾਰਤੀਆਂ ਦੇ ਕੰਨ ਖੋਲ੍ਹਣ ਲਈ ਭਗਤ ਸਿੰਘ ਅਤੇ ਉਸ ਦੇ ਸਾਥੀ ਬੀ.ਕੇ.ਦੱਤ ਨੇ 8 ਅਪ੍ਰੈਲ 1929 ਨੂੰ ਕੌਮੀ ਅਸੰਬਲੀ *ਚ ਇਕ ਨੁਕਸਾਨ ਰਹਿਤ ਬੰਬ ਸੁੱਟ ਕੇ ਸਾਰੇ ਭਾਰਤੀਆਂ ਨੂੰ ਚੌਕਸ ਕੀਤਾ ਸੀ। ਇਹ ਕਦਮ ! ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰਨ ਵਾਲਾ ਸੀ। ਉਨ੍ਹਾਂ ਦੀ ਇਸ ਵਿਚਾਰਧਾਰਾ ਦੀ ਪਰਪੱਕਤਾ ਦੇਖ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 20-ਮਾਰਚ 1931 ਨੂੰ ਦਿੱਲੀ ਦੇ ਇਕ ਵਿਸ਼ਾਲ ਇਕੱਠ (ਜਿਸ ਨੂੰ ਸਾਮਰਾਜੀਆਂ ਦੇ ਦਬਾਅ ਅਧੀਨ ਗਾਂਧੀ ਜੀ ਨੇ ਰੋਕਣਾ ਚਾਹਿਆ ਸੀ) ਵਿੱਚ ਕਿਹਾ ਸੀ,"ਕਿ ਭਗਤ ਸਿੰਘ ਇਕ ਵਿਅਕਤੀ ਨਹੀਂ **ਪ੍ਰਤੀਕ** ਹੈ !

ਸ਼ਹੀਦ ਭਗਤ ਸਿੰਘ ਕੌਮਾਂਤਰੀਵਾਦੀ, ਦੇਸ਼ ਭਗਤ ਅਤੇ ਪਰਪੱਕ ਸਿਆਸੀ ਚਿੰਤਕ ਸੀ। ਉਸ ਨੇ ਸਾਰੀ ਦੁਨੀਆਂ ਅੰਦਰ ਹੋਈਆਂ ਕ੍ਰਾਂਤੀਆਂ, ਦਾਰਸ਼ਨਿਕਾਂ, ਲਹਿਰਾਂ, ਪਲੈਟੋ, ਅਰਸਤੂ, ਮਾਰਕਸਵਾਦ, ਏਂਜਲਸ ਅਤੇ ਫਾਂਸੀ ਤੋਂ ਕੁਝ ਪਲ ਪਹਿਲਾਂ ਲੈਨਿਨ ਸਬੰਧੀ ਅਧਿਐਨ ਕੀਤਾ। ਇਸ ਤੋਂ ਇਲਾਵਾ ਬਹੁਤ ਸਾਰਾ ਭਾਰਤੀ ਤੇ ਵਿਦੇਸ਼ੀ ਕਲਾਸੀਕਲ ਇਤਿਹਾਸ ਅਤੇ ਲਿਟਰੇਚਰ ਵੀ ਜੇਲ੍ਹ ਦੌਰਾਨ ਹੀ ਪੜ੍ਹਿਆ। 16-17 ਸਾਲ ਦੀ ਉਮਰ ਵਿੱਚ ਹੀ ਉਸ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਹ 6-ਜ਼ਬਾਨਾਂ ਦਾ ਮਾਹਿਰ ਸੀ। 1924-25 ਦੌਰਾਨ ਉਸ ਨੇ "ਕਿਰਤੀ ਰਸਾਲੇ" 'ਚ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨਾਲ ਲਿਖਣਾ ਸ਼ੁਰੂ ਕੀਤਾ। ਫੇਰ ਹੀ ਉਹ ਕਾਨਪੁਰ ਚਲਾ ਗਿਆ। ਜਿਥੇ ਉਸ ਨੇ ਕਈ ਅਖਬਾਰਾਂ 'ਚ ਬਲਵੰਤ ਸਿੰਘ ਦੇ ਨਾਂ ਹੇਠ ਲਿਖਣਾ ਸ਼ੁਰੂ ਕੀਤਾ। ਇਥੇ ਹੀ ਉਸ ਦਾ ਗਨੇਸ਼ ਸ਼ੰਕਰ ਵਿਦਿਆਰਥੀ ਰਾਹੀ ਮੇਲ ਪ੍ਰਸਿਧ ਕਮਿਊਨਿਸਟ ਆਗੂ ਮੁਜ਼ੱਫਰ ਅਹਿਮਦ, ਸੱਤਿਆ ਭਗਤ, ਰਾਧਾ ਮੋਹਨ ਗੋਕਲ, ਸ਼ੌਕਤ ਉਸਮਾਨੀ ਆਦਿ ਬੁਧੀਜੀਵੀਆਂ ਨਾਲ ਹੋਇਆ। ਜੋ ਵਿਚਾਰ ਕਿਰਤੀ ਰਸਾਲੇ ਦੌਰਾਨ ਕੰਮ ਕਰਦਿਆਂ ਉਸ ਦੀ ਸਮਝ ਦਾ ਹਿਸਾ ਨਹੀਂ ਸੀ ਬਣੇ, *ਇਥੇ ਉਸ ਨੇ ਕਾਫੀ ਸਪਸ਼ਟਤਾ ਮਹਿਸੂਸ ਕੀਤੀ ! ਗਦਰ ਪਾਰਟੀ ਦੇ ਆਗੂ ਭਾਈ ਰਤਨ ਸਿੰਘ, ਕਮਿਊਨਿਸਟ ਆਗੂ ਸੋਹਣ ਸਿੰਘ ਜੋਸ਼ ਨਾਲ ਵੀ ਵਿਚਾਰ ਚਰਚਾ ਹੁੰਦੀ ਰਹੀ। ਜੇਲ੍ਹ ਅੰਦਰ ਸ਼ਹੀਦ ਭਗਤ ਸਿੰਘ ਨੇ ਭਾਰਤੀ ਸਮਾਜ ਵਾਰੇ ਕਿਹਾ, *ਕਿ ਭਾਰਤੀ ਸਮਾਜ ਦੇ ਪੱਛੜੇਪਣ ਲਈ ਸਾਮੰਤਵਾਦੀ ਸੰਸਕਰਣ ਅਤੇ ਅੰਧ-ਵਿਸ਼ਵਾਸ਼ ਦੋਸ਼ੀ ਹਨ। ਇਸ ਵਿਰੁਧ ਵਿਗਿਆਨਕ ਪਹੁੰਚ ਅਪਣਾ ਕੇ ਹੀ ਅਸੀਂ ਵਿਰੋਧ ਵਿਕਾਸੀ ਢੰਗ ਰਾਹੀਂ ਸਮਾਜ ਨੂੰ ਤਬਦੀਲ ਕਰ ਸਕਦੇ ਹਾਂ। ਉਸ ਦੇ ਇਕ ਕੌਮਾਂਤਰੀਵਾਦੀ ਸੰਕਲਪ ਕਾਰਨ ਹੀ ਉਹ ਭਾਰਤ ਅੰਦਰ 20-ਵੀਂ ਸਦੀ ਦੀ ਇਕ ਮਹਾਨ ਸਖਸ਼ੀਅਤ ਹੋ ਗੁਜ਼ਰਿਆ ! 1920 ਦੇ ਸੱਤਿਆਗ੍ਰਿਹ ਦੀ ਵਾਪਸੀ ਬਾਦ ਭਾਰਤ ਅੰਦਰ ਗਾਂਧੀ ਦੀ ਅਗਵਾਈ ਵਿੱਚ ਨਰਮ-ਦਲੀਆਂ ਦੇ ਮੁਕਾਬਲੇ ਭਗਤ ਸਿੰਘ ਦੀ ਅਗਵਾਈ *ਚ ਗਰਮ-ਦਲੀਏ ਨੌਜਵਾਨਾਂ ਨੇ ਆਜ਼ਾਦੀ ਦੀ ਲੜਾਈ ਨੂੰ ਹੋਰ ਪ੍ਰਚੰਡ ਕੀਤਾ। 24 ਸਾਲ ਤੋਂ ਘੱਟ ਉਮਰ ਵਿੱਚ ਹੀ ਭਗਤ ਸਿੰਘ ਇਕ ਮਹਾਨ ਬੁੱਧੀਜੀਵੀ, ਚਿੰਤਕ ਅਤੇ ਆਖਰੀ ਵੇਲੇ ਇਕ ਮਾਰਕਸੀ ਵਿਦਿਆਰਥੀ ਵੱਜੋ 23 ਮਾਰਚ, 1931 ਨੂੰ ਆਪਣੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨਾਲ ਫਾਂਸੀ ਦੇ ਤਖਤੇ ਤੇ ਚੜ੍ਹ ਗਿਆ !

ਉਹ ਇਕ ਅਧਿਅਨ-ਪਸੰਦ ਚੇਤੰਨ ਨੌਜਵਾਨ ਅਤੇ ਗਤੀਸ਼ੀਲ ਸ਼ਖਸੀਅਤ ਸੀ ! ਉਸ ਦੀ ਪ੍ਰਤਿਭਾ, ਦ੍ਰਿੜਤਾ, ਦਲੇਰੀ, ਸਮਰੱਥਾ ਅਤੇ ਪਰਪੱਕਤਾ ਬਾਰੇ ਉਸ ਦੀਆਂ ਲਿਖਤਾਂ, ਬਿਆਨ ਅਤੇ ਡਾਇਰੀ ਅੱਜ ਵੀ ਗਵਾਹੀ ਭਰ ਰਹੀਆਂ ਹਨ ! ਉਸ ਦੇ ਖਤ, ਲਿਖਤਾਂ, ਕੋਰਟ ਬਿਆਨਾਂ ਤੋਂ ਇਲਾਵਾ ਸਮਾਜਵਾਦ ਕੀ ਹੈ, ਮੈਂ ਨਾਸਤਿਕ ਕਿਉਂ ਹਾਂ, ਬੰਬ ਦਾ ਫਲਸਫ਼ਾ, ਸੁਖਦੇਵ ਨੂੰ ਖਤ, ਕਸ਼ਟਾਂ ਤੋਂ ਭੱਜਣਾ ਕਾਇਰਤਾ ਹੈ, ਕੌਮ ਦੇ ਨਾਂ ਸੰਦੇਸ਼, ਆਜ਼ਾਦੀ ਦੀ ਲੜਾਈ ਅਤੇ ਉਡਾਇਆ ਜਾਵੇ, ਹੋਲੀ ਦੇ ਦਿਨ ਖੂਨ ਦੇ ਛਿੱਟੇ (ਆਟੋ ਬਾਇਓਗ੍ਰਾਫੀ), ਸ਼ਹੀਦ ਕਰਤਾਰ ਸਿੰਘ ਸਰਾਭਾ, ਕੂਕਾ ਲਹਿਰ, ਅਨਾਰਕਿਜ਼ਮ, ਵਿਦਿਆਰਥੀ ਤੇ ਸਿਆਸਤ (ਡੋਰ ਟੂ ਡੈੱਥ), ਅਛੂਤਾਂ ਦਾ ਸਵਾਲ, ਜੇਲ੍ਹ ਡਾਇਰੀ ਆਦਿ ਰਚਨਾਵਾਂ ਪੜ੍ਹਨ ਯੋਗ ਹੀ ਨਹੀਂ, ਸਗੋਂ ਅਜੋਕੇ ਸੰਦਰਭ ਵਿੱਚ ਪੂਰੀ ਤਰ੍ਹਾਂ ਪ੍ਰਸੰਗਿਕ ਹਨ ! ਉਹ ਇਕ ਦਾਰਸ਼ਨਿਕ ਅਤੇ ਸ਼ਹਾਦਤ ਵੇਲੇ ਇਕ ਸਿਆਸੀ ਚਿੰਤਨ ਸੀ ਜਿਸ 'ਤੇ ਕਿਸੇ ਕਿਸਮ ਦੀ ਕੋਈ ਉਂਗਲ ਨਹੀਂ ਉਠਾਈ ਜਾ ਸਕਦੀ ਸੀ ! ਅੱਜ ਅਸੀਂ 20-ਵੀਂ ਸਦੀ ਦੇ ਇਨ੍ਹਾਂ ਮਹਾਨ ਨਾਇਕਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ 88-ਵੀਂ ਸ਼ਹਾਦਤ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ ! ਪਰ ਦੇਸ਼ ਦੀਆਂ ਰਾਜ ਕਰ ਰਹੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮਹਾਨ ਸਪੂਤਾਂ ਨੂੰ ਕੌਮੀ ਪੱਧਰ ਤੇ ਅੱਜ ਤਕ ਬਣਦੀ ਮਾਨਤਾ ਨਹੀਂ ਦਿੱਤੀ ਹੈ। ਆਖਰੀ ਸਮੇਂ ਭਗਤ ਸਿੰਘ ਨੇ ਕਿਹਾ ਸੀ, "ਕਿ ਇਨਕਲਾਬ ਨਿਸ਼ਚੇ ਹੀ ਬਿਨਾਂ ਸੋਚੀ ਸਮਝੀ, ਕਤਲਾਂ ਤੇ ਅਗਜ਼ਾਨੀ ਦੀ ਦਰਿੰਦਾ ਮੁਹਿੰਮ ਨਹੀਂ, ਇਨਕਲਾਬ ਕੋਈ ਮਯੂਸੀ *ਚ ਪੈਦਾ ਹੋਇਆ ਫਲਸਫ਼ਾ ਵੀ ਨਹੀਂ ਅਤੇ ਨਾ ਹੀ ਸਰ-ਫਰੋਸ਼ੀ ਦਾ ਕੋਈ ਸਿਧਾਂਤ ਹੈ ! ਇਨਕਲਾਬ ਰੱਬ ਵਿਰੋਧੀ ਤਾਂ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ ! ਇਹ ਇਕਪੁਖਤਾ ਤੇ ਜ਼ਿੰਦਾ ਤਾਕਤ ਹੈ। ਇਹ ਕੌਮਾਂ ਨੂੰ ਆਪਣੇ ਪੈਰਾਂ ਤੇ ਖੜਾ ਕਰੇਗਾ ? ਇਸ ਦੇ ਬਾਵਜੂਦ ਵੀ, *ਅੱਜ ਵੀ ਪੂੰਜੀਵਾਦੀ ਅਤੇ ਉਨ੍ਹਾਂ ਦੇ ਬੁਧੀਜੀਵੀ ਪੈਰੋਕਾਰ ਆਪਣੀਆਂ ਲਿਖਤਾਂ *ਚ ਉਸ ਨੂੰ (ਭਗਤ ਸਿੰਘ) ਅਰਾਜਕਤਾਵਾਦੀ ਪੇਸ਼ ਕਰਦੇ ਹਨ ! ਭਾਵੇਂ ਉਨ੍ਹਾਂ ਸਾਹਮਣੇ ਬਰਤਾਨਵੀ ਬਸਤੀਵਾਦੀ ਸਾਮਰਾਜ ਅਤੇ ਮਾਜੂਦਾ ਭਾਰਤ ਦੇ ਹਾਕਮ ਜਿਨ੍ਹਾਂ ਦੇ ਰਾਜ ਅੰਦਰ ਰੋਜ਼ਾਨਾਂ ਸੈਕੜੇ ਲੋਕਾਂ ਨੂੰ ਨੰਗ-ਭੁੱਖ ਅਤੇ ਬਿਮਾਰੀਆਂ ਕਾਰਨ ਮਰਨਾ ਪੈ ਰਿਹਾ ਹੈ, ਉਹ ਦੁਧ ਧੋਤੇ ਨਜ਼ਰ ਆ ਰਹੇ ਹਨ। ਭਗਤ ਸਿੰਘ ਨੇ ਤਾਂ ਇਕਵਾਰ ਗੋਲੀ ਚਲਾਈ ਅਤੇ ਖੁਦ ਉਸ ਨੇ ਕਬੂਲ ਕੀਤਾ ਸੀ, *ਕਿ ਬੰਬ ਅਤੇ ਪਿਸਤੌਲ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨ-ਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੋਂ ਤਿੱਖੀ ਹੁੰਦੀ ਹੈ। ਪਰ ਹਾਕਮ ਰੋਜ਼ਾਨਾਂ ਗੋਲੀਆਂ ਚਲਾ ਕੇ ਹੱਕ ਮੰਗਦੇ ਲੋਕਾਂ ਦਾ ਕਤਲ ਕਰ ਰਹੇ ਹਨ। ਇਸ ਲਈ ਅਰਾਜਕਤਾਵਾਦੀ ਇਹ ਹਾਕਮ ਹੁੰਦੇ ਹਨ ?

ਅੱਜ ! ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆ, *ਜਿੱਥੇ ਉਸ ਦੇ ਰਾਹ *ਤੇ ਚੱਲਣ ਦੀ ਹਾਮੀ ਭਰੀਏ, *ਉਥੇ ਉਸ ਦੇ ਕਥਨਾਂ ਅਨੁਸਾਰ, *ਮੇਰੀ ਜ਼ਿੰਦਗੀ ! ਦਾ ਮਹਾਨ ਮਕਸਦ, *ਭਾਵ ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲਾਉਣਾ ਸੀ। ਇਸ ਲਈ ਮੇਰੀ ਜ਼ਿੰਦਗੀ *ਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ ? ਬੱਸ ! ਸੰਪੂਰਨ ਇਨਕਲਾਬ ! ਇਸ ਲਈ ਸਾਨੂੰ ਵੀ ਇਸ ਦੀ ਪੂਰਤੀ ਲਈ ਅਮਲੀ ਰੂਪ ਵਿੱਚ ਪਹਿਰਾ ਦੇਣਾ ਪੈਣਾ ਹੈ। ਜਿਸ ਲਈ ਭਗਤ ਸਿੰਘ ਨੇ ਸੰਕਲਪ ਲਿਆ ਸੀ, "ਕਿ ਦੇਸ਼ ਵਿੱਚੋਂ ਸਾਮਰਾਜੀਆਂ ਨੂੰ ਬਾਹਰ ਕੱਢਣਾ ਹੈ, ਇਨਕਲਾਬ ਲਿਆ ਕੇ ਮਨੁੱਖ ਹੱਥੋਂ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਕਰਨੀ। ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਅਤੇ ਕੱਟੜਵਾਦ ਦਾ ਖਾਤਮਾ ਹੋਵੇ ! ਉਸ ਨੇ ਇਕ ਅਜਿਹੇ ਭਾਰਤ ਦੀ ਸਿਰਜਣਾ ਦਾ ਜੋ ਸੁਪਨਾ ਸੰਜੋਇਆ ਸੀ, "ਜਿਥੇ ਜਨਤਾ, ਕਾਸ਼ਤਕਾਰ ਅਤੇ ਮਜ਼ਦੂਰ ਭੁੱਖੇ ਨਾ ਮਰਨ ! ਇਹ ਸੁਪਨੇ ! ਅੱਜੇ ਵੀ ਅਧੂਰੇ ਹਨ। ਹੁਣ ਲੋੜ ਹੈ ! ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਲੋੜਬੰਦੀ ਨੂੰ ਅਮਲੀ ਜਾਮਾ ਪਹਿਨਾਉਣ ਲਈ, ਭਾਰਤ ਅੰਦਰ ਲੋਕ ਜਮਹੂਰੀ ਇਨਕਲਾਬ ਦੀ ਸੰਪੂਰਨਤਾ ਲਈ ਯੋਗਦਾਨ ਪਾਉਣ ਦੀ !!

ਜਬ ਲਿਖੋ ਤਾਰੀਖ ਗੁਲਸ਼ਨ ਕੀ,
ਯਹ ਲਿਖਨਾ ਮਤ ਭੁਲਨਾ !!
ਕਿ ਹਮਨੇ ਭੀ ਲੁਟਾਯਾ ਹੈ ਆਸ਼ਿਆਂ ਅਪਨਾ !!
ਮੇਰੀ ਹਵਾਂ ਮੇ ਰਹੇਗੀ ਖਯਾਲ ਕੀ ਖੁਸ਼ਬੂ, ਯਹ ਮੁਸ਼ਤ-ਖਾਕ ਹੈ ਫਾਨੀ, ਰਹੇ ਨਾ ਰਹੇ !!!



NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਬਾਦਲ ਅਕਾਲੀ ਦਲ ਨੂੰ ਸੱਟ

# ਬ੍ਰਹਮਪੁਰਾ ਦੇ ਭਤੀਜੇ ਉਤੇ ਬਿਨਾਂ ਆਗਿਆ ਰੈਲੀ, ਸ਼ਰਾਬ ਪਰੋਸਣ ਦਾ ਕੇਸ ਦਰਜ



ਤਰਨ ਤਾਰਨ, 21 ਮਾਰਚ (ਪੋਸਟ ਬਿਊਰੋ)- ਪਿੰਡ ਡੇਰਾ ਸਾਹਿਬ ਵਿੱਚ ਬਿਨਾਂ ਆਗਿਆ ਚੋਣ ਰੈਲੀ ਕਰਨ ਅਤੇ ਸ਼ਰਾਬ ਵਰਤਾਉਣ ਦੇ ਦੋਸ਼ ਹੇਠ ਜ਼ਿਲ੍ਹਾ ਚੋਣ ਅਧਿਕਾਰੀ ਦੇ ਹੁਕਮ ਉੱਤੇ ਜ਼ਿਲਾ ਪ੍ਰੀਸ਼ਦ ਦੇ ਸਾਬਕਾ ਮੈਂਬਰ ਗੁਰਿੰਦਰ ਸਿੰਘ ਟੋਨੀ ਵਿਰੁੱਧ ਥਾਣਾ ਗੋਇੰਦਵਾਲ ਵਿੱਚ ਕੇਸ ਦਰਜ ਕੀਤਾ ਗਿਆ ਹੈ।
ਟੋਨੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਦੇ ਭਤੀਜੇ ਹਨ ਤੇ ਅਕਾਲੀ ਦਲ ਬਾਦਲ ਨਾਲ ਜੁੜਨ ਪਿੱਛੋਂ ਉਨ੍ਹਾਂ ਨੇ ਖਡੂਰ ਸਾਹਿਬ ਤੋਂ ਅਕਾਲੀ ਉਮੀਦਵਾਰ ਬੀਬੀ ਜਗੀਰ ਕੌਰ ਦੇ ਸਮਰਥਨ ਵਿੱਚ ਆਪਣੀ ਰਿਹਾਇਸ਼ 'ਤੇ 13 ਮਾਰਚ ਨੂੰ ਸਭਾ ਕਰਵਾਈ ਸੀ।
ਐੱਸ ਐੱਸ ਪੀ ਤਰਨ ਤਾਰਨ ਨੇ ਇਸ ਬਾਰੇ ਰਿਪੋਰਟਾਂ ਦੀ ਜਾਂਚ ਗੋਇੰਦਵਾਲ ਦੇ ਐੱਸ ਐੱਚ ਓ ਸੁਖਰਾਜ ਸਿੰਘ ਤੋਂ ਕਰਵਾਈ ਤੇ ਫਿਰ ਬਿਨਾਂ ਆਗਿਆ ਚੋਣ ਸਭਾ ਕਰਨ ਤੇ ਰਿਸ਼ਵਤ ਦੇ ਰੂਪ ਵਿੱਚ ਖੁਰਾਕ ਜਾਂ ਸ਼ਰਾਬ ਪਰੋਸਣ ਦੇ ਦੋਸ਼ ਹੇਠ ਟੋਨੀ ਵਿਰੁੱਧ ਕਾਰਵਾਈ ਕੀਤੀ ਹੈ। ਇਸ ਚੋਣ ਸਭਾ ਵਿੱਚ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਬੀਬੀ ਜਗੀਰ ਕੌਰ ਅਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਵੀ ਆਏ ਸਨ। ਜ਼ਿਲ੍ਹਾ ਚੋਣ ਅਧਿਕਾਰੀ ਪ੍ਰਦੀਪ ਸਭਰਵਾਲ ਨੇ ਦੱਸਿਆ ਕਿ ਸਭਾ ਅਤੇ ਲਾਊਡ ਸਪੀਕਰ ਦੀ ਵਰਤੋਂ ਕਰਨ ਦੀ ਆਗਿਆ ਵੀ ਨਹੀਂ ਲਈ ਗਈ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਗਈ ਸੀ। ਇੱਕ ਟੀ ਵੀ ਚੈਨਲ ਨੇ ਟੋਨੀ ਦੀ ਰਿਹਾਇਸ਼ ਉੱਤੇ ਸਮਰਥਕਾਂ ਨੂੰ ਸ਼ਰਾਬ ਪਰੋਸਣ ਦੀ ਖਬਰ ਦਿੱਤੀ ਸੀ। ਜ਼ਿਲ੍ਹਾ ਚੋਣ ਅਧਿਕਾਰੀ ਨੇ ਟੋਨੀ ਦੇ ਨਾਲ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੂੰ ਕਾਰਨ ਦੱਸੋ ਨੋਟਿਸ ਭੇਜੇ ਸਨ। ਦੋਵਾਂ ਨੇ ਦੋਸ਼ਾਂ ਨੂੰ ਝੂਠਾ ਦੱਸਿਆ ਸੀ। ਟੋਨੀ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਦਬਾਅ ਵਿੱਚ ਕੁਝ ਵੀ ਹੋ ਸਕਦਾ ਹੈ, ਮੈਂ ਆਪਣੇ ਘਰ ਪਰਵਾਰਕ ਸਮਾਗਮ ਰੱਖਿਆ ਸੀ, ਇਸ ਨੂੰ ਚੋਣ ਰੈਲੀ ਕਹਿਣਾ ਗਲਤ ਹੈ। ਐੱਸ ਐੱਸ ਪੀ ਕੁਲਦੀਪ ਸਿੰਘ ਚਹਿਲ ਨੇ ਕਿਹਾ ਕਿ ਕਾਰਵਾਈ ਚੋਣ ਅਧਿਕਾਰੀ ਦੇ ਹੁਕਮ 'ਤੇ ਹੋਈ ਹੈ।

# ਚੋਣ ਕਮਿਸ਼ਨ ਨੂੰ ਡੀ ਸੀ ਰੋਪੜ ਦੇ ਖਿਲਾਫ ਆਮ ਆਦਮੀ ਪਾਰਟੀ ਵੱਲੋਂ ਸ਼ਿਕਾਇਤ



ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਹੋਰ ਮੁੱਖ ਚੋਣ ਅਧਿਕਾਰੀ ਐਸ ਕਰੁਣਾ ਰਾਜੂ ਨੂੰ ਸ਼ਿਕਾਇਸ ਦੇਣ ਸਮੇਂ।

ਚੰਡੀਗੜ੍ਹ, 21 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਇੱਕ ਵਫਦ ਨੇ ਡਿਪਟੀ ਕਮਿਸ਼ਨਰ ਰੋਪੜ ਵਿਰੁੱਧ ਕਾਂਗਰਸੀ ਆਗੂਆਂ ਦੀ ਸ਼ਹਿ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਦਾ ਦੋਸ਼ ਲਾ ਕੇ ਮੁੱਖ ਚੋਣ ਅਧਿਕਾਰੀ ਐੱਸ ਕਰੁਣਾ ਰਾਜੂ ਨੂੰ ਮਿਲ ਕੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ।
ਚੋਣ ਕਮਿਸ਼ਨ ਦੇ ਪੰਜਾਬ ਦੇ ਅਧਿਕਾਰੀ ਨੂੰ ਮਿਲੇ ਇਸ ਵਫਦ 'ਚ ਸ਼ਾਮਲ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਪਾਰਟੀ ਦੇ ਲੀਗਲ ਵਿੰਗ ਦੇ ਪ੍ਰਧਾਨ ਐਡਵੋਕੇਟ ਜਸਤੇਜ ਸਿੰਘ ਅਰੋੜਾ ਨੇ ਕਿਹਾ ਕਿ ਕਾਂਗਰਸੀ ਆਗੂ ਪੰਜਾਬ ਵਿੱਚ ਸਰਕਾਰੀ ਅਫਸਰਾਂ ਰਾਹੀਂ ਚੋਣ ਜ਼ਾਬਤੇ ਦੀ ਉਲੰਘਣਾ ਕਰਦੇ ਹਨ। ਸੰਦੋਆ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਡਾਕਟਰ ਸੁਮਿਤ ਜਰਾਗਲ ਜੁਲਾਈ 2018 ਤੋਂ ਡੀ ਸੀ ਰੋਪੜ ਲੱਗੇ ਹੋਏ ਹਨ ਤੇ ਓਦੋਂ ਤੋਂ ਹੀ ਉਹ ਕਾਂਗਰਸੀ ਆਗੂਆਂ ਦੇ ਇਸ਼ਾਰੇ ਉੱਤੇ ਕੰਮ ਕਰਦੇ ਤੇ ਚੁਣੇ ਹੋਏ ਵਿਧਾਇਕ ਨੂੰ ਅਣਗੌਲਿਆ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਦੀ ਥਾਂ ਕਾਂਗਰਸ ਦੇ ਹਾਰੇ ਹੋਏ ਉਮੀਦਵਾਰ ਬਰਿੰਦਰ ਸਿੰਘ ਢਿੱਲੋਂ ਨੂੰ ਡੀ ਸੀ ਰੋਪੜ ਸਾਰੇ ਸਰਕਾਰੀ ਸਮਾਗਮਾਂ ਵਿੱਚ ਬੁਲਾ ਕੇ ਗ੍ਰਾਂਟਾਂ ਵੰਡ ਰਹੇ ਹਨ, ਜਿਸ ਤੋਂ ਜ਼ਾਹਰ ਹੈ ਕਿ ਉਹ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਬੇਨਿਯਮੀਆਂ ਕਰਨਗੇ। ਮੁੱਖ ਚੋਣ ਅਧਿਕਾਰੀ ਨੇ ਇਸ ਸ਼ਿਕਾਇਤ ਦੀ ਪੜਤਾਲ ਕਰਨ ਦਾ ਭਰੋਸਾ ਦਿੱਤਾ ਹੈ।

# ਖਡੂਰ ਸਾਹਿਬ ਤੋਂ ਜਗੀਰ ਕੌਰ ਦੇ ਮੁਕਾਬਲੇ ਕਾਂਗਰਸ ਵੱਲੋਂ ਡਿੰਪਾ ਦਾ ਨਾਮ ਅੱਗੇ

ਜਲੰਧਰ, 21 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਵੱਲੋਂ ਖਡੂਰ ਸਾਹਿਬ ਪਾਰਲੀਮੈਂਟ ਸੀਟ 'ਤੇ ਬੀਬੀ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਬਣਾਏ ਜਾਣ ਉੱਤੇ ਕਾਂਗਰਸ ਦੀ ਪਹਿਲੀ ਪਸੰਦ ਵਜੋਂ ਸਾਬਕਾ ਕਾਂਗਰਸ ਵਿਧਾਇਕ ਜਸਬੀਰ ਸਿੰਘ ਡਿੰਪਾ ਉਭਰੇ ਹਨ। ਪਤਾ ਲੱਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੀ ਜਸਬੀਰ ਸਿੰਘ ਡਿੰਪਾ ਦੇ ਪੱਖ ਵਿੱਚ ਆਏ ਹੋਏ ਹਨ ਅਤੇ ਸਕ੍ਰੀਨਿੰਗ ਕਮੇਟੀ ਨੇ ਡਿੰਪਾ ਦਾ ਨਾਮ ਖਡੂਰ ਸਾਹਿਬ ਲਈ ਤਿਆਰ ਕੀਤੇ ਪੈਨਲ ਵਿੱਚ ਪਹਿਲੇ ਸਥਾਨ 'ਤੇ ਰੱਖਿਆ ਹੈ।
ਮਿਲੀ ਜਾਣਕਾਰੀ ਅਨੁਸਾਰ ਜਸਬੀਰ ਸਿੰਘ ਡਿੰਪਾ ਨੇ ਖਡੂਰ ਸਾਹਿਬ ਹਲਕੇ ਤੋਂ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ। ਭਾਵੇਂ ਕਾਂਗਰਸ ਨੇ ਰਸਮੀ ਤੌਰ 'ਤੇ ਉਮੀਦਵਾਰਾਂ ਦੀ ਸੂਚੀ ਅਜੇ ਜਾਰੀ ਕਰਨੀ ਹੈ, ਪ੍ਰੰਤੂ ਜਿਨ੍ਹਾਂ ਸੀਟਾਂ 'ਤੇ ਅਕਾਲੀ ਦਲ ਨੇ ਆਪਣੇ ਉਮੀਦਵਾਰ ਤੈਅ ਕਰ ਲਏ ਹਨ, ਓਥੇ ਕਾਂਗਰਸ ਦੇ ਸੰਭਾਵਿਤ ਉਮੀਦਵਾਰਾਂ ਨੂੰ ਆਪਣਾ ਪ੍ਰਚਾਰ ਕਰਨ ਦੇ ਸੰਕੇਤ ਭੇਜੇ ਜਾ ਚੁੱਕੇ ਹਨ, ਤਾਂ ਕਿ ਕਾਂਗਰਸ ਉਮੀਦਵਾਰ ਪ੍ਰਚਾਰ ਦੇ ਪੱਖ ਤੋਂ ਪਿਛੜ ਨਾ ਜਾਣ। ਖਡੂਰ ਸਾਹਿਬ ਹੇਠਲੇ 9 ਵਿਧਾਨ ਸਭਾ ਖੇਤਰਾਂ ਵਿੱਚ ਤਰਨ ਤਾਰਨ, ਖਡੂਰ ਸਾਹਿਬ, ਪੱਟੀ, ਖੇਮਕਰਨ, ਜੰਡਿਆਲਾ ਗੁਰੂ, ਬਾਬਾ ਬਕਾਲਾ, ਜ਼ੀਰਾ, ਕਪੂਰਥਲਾ ਅਤੇ ਸੁਲਤਾਨ-ਪੁਰ ਲੋਧੀ ਆਉਂਦੇ ਹਨ। ਡਿੰਪਾ ਬਿਆਸ ਤੋਂ ਵਿਧਾਇਕ ਰਹਿ ਚੁੱਕੇ ਹਨ ਤੇ ਫਿਰ ਇਸ ਹਲਕੇ ਦਾ ਨਾਮ ਬਦਲ ਕੇ ਬਾਬਾ ਬਕਾਲਾ ਰੱਖ ਦਿੱਤਾ ਗਿਆ ਸੀ। ਸਾਲ 2014 ਵਿੱਚ ਡਿੰਪਾ ਦਾ ਨਾਮ ਖਡੂਰ ਸਾਹਿਬ ਲੋਕ ਸਭਾ ਸੀਟ ਲਈ ਚੱਲਿਆ, ਪ੍ਰੰਤੂ ਟਿਕਟ ਹਰਮਿੰਦਰ ਸਿੰਘ ਗਿੱਲ ਨੂੰ ਮਿਲ ਗਈ ਸੀ।

# ਯੂਨੀਵਰਸਿਟੀ ਵੱਲੋਂ 'ਸ਼ਬਦ' ਦੀ ਥਾਂ 'ਐਨਥਮ' ਵਜੋਂ 'ਗੀਤ' ਲਾਗੂ ਕਰਨ ਦਾ ਮਾਮਲਾ ਭਖਿਆ!



ਅੰਮ੍ਰਿਤਸਰ, 21 ਮਾਰਚ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਇਸ ਯੂਨੀਵਰਸਿਟੀ 'ਚ ਸਮਾਗਮਾਂ ਵਿੱਚ 49 ਸਾਲਾਂ ਤੋਂ ਗਾਏ ਜਾਂਦੇ ਦਸਵੇਂ ਪਾਤਸ਼ਾਹ ਵੱਲੋਂ ਰਚੇ ਹੋਏ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹੈ' ਦੀ ਥਾਂ ਡਾ. ਸੁਰਜੀਤ ਪਾਤਰ ਦਾ ਲਿਖਿਆ ਗੀਤ ਲਾਗੂ ਕਰਨ ਦਾ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਹਲਕਿਆਂ ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਯੂਨੀਵਰਸਿਟੀ ਅਧਿਕਾਰੀਆਂ ਨੇ ਇਸ ਦੀ ਸਫਾਈ ਦਿੱਤੀ ਹੈ ਕਿ ਗੀਤ ਨੂੰ ਕੇਵਲ 'ਯੂਨੀਵਰਸਿਟੀ ਐਨਥਮ' ਵਜੋਂ ਲਾਗੂ ਕੀਤਾ ਹੈ, ਸ਼ਬਦ ਨੂੰ ਨਹੀਂ ਹਟਾਇਆ ਨਹੀਂ।
ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਕਰਨਜੀਤ ਸਿੰਘ ਨੇ ਪੰਜਾਬੀ ਬੋਲੀ ਦੇ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਵੱਲੋਂ ਯੂਨੀਵਰਸਿਟੀ ਦੀ ਸ਼ਲਾਘਾ 'ਚ ਲਿਖੇ ਗੀਤ 'ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ ਸਦਾ-ਸਦਾ ਪੁਰਨੂਰ ਰਹੇ' ਨੂੰ ਪ੍ਰਵਾਨ ਕਰ ਕੇ ਸਮਾਗਮਾਂ ਅਤੇ ਸੈਮੀਨਾਰਾਂ ਮੌਕੇ 'ਯੂਨੀਵਰਸਿਟੀ ਗੀਤ' ਵਜੋਂ ਸਰਕਾਰੀ ਤੌਰ 'ਤੇ ਗਾਏ ਜਾਣ ਦੇ ਆਦੇਸ਼ ਜਾਰੀ ਕੀਤੇ ਸਨ। ਇਸ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਰਚਨਾ 'ਦੇਹਿ ਸ਼ਿਵਾ ਬਰ ਮੋਹਿ ਇਹੈ' ਦਾ ਗਾਇਨ ਸਮਾਗਮਾਂ ਦੀ ਆਰੰਭਤਾ ਸਮੇਂ ਕੀਤਾ ਜਾਂਦਾ ਸੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਸਪੱਸ਼ਟ ਕੀਤਾ ਕਿ ਡਾ. ਸੁਰਜੀਤ ਪਾਤਰ ਦੇ ਗੀਤ ਨੂੰ ਕੇਵਲ ਯੂਨੀਵਰਸਿਟੀ ਧੁਨੀ (ਐਨਥਮ) ਵਜੋਂ ਲਾਗੂ ਕੀਤਾ ਗਿਆ ਹੈ, ਸ਼ਬਦ ਗਾਇਨ ਬੰਦ ਨਹੀਂ ਕੀਤਾ ਗਿਆ।

# ਦੋ ਡੱਬਿਆਂ ਤੇ ਟਿਫਨ ਵਿੱਚ ਛਿਪਾ ਕੇ 62.30 ਲੱਖ ਕੈਸ਼ ਲਿਜਾਂਦੇ ਛੇ ਜਣੇ ਗ੍ਰਿਫਤਾਰ



ਖੰਨਾ, 21 ਮਾਰਚ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਤੋਂ ਪਹਿਲਾਂ ਹਵਾਲਾ ਰਾਸ਼ੀ ਦੇ 62.30 ਲੱਖ ਰੁਪਏ ਲੈ ਜਾ ਰਹੇ ਛੇ ਜਣਿਆਂ ਨੂੰ ਖੰਨਾ ਵਿੱਚ ਦੋ ਵੱਖ-ਵੱਖ ਨਾਕਿਆਂ 'ਤੇ ਫੜੇ ਜਾਣ ਦੀ ਖਬਰ ਹੈ।
ਪਹਿਲੇ ਕੇਸ ਵਿੱਚ ਕਾਰ ਦੇ ਸਵਾਰ ਲੋਕ ਇੱਕ ਡੱਬੇ ਵਿੱਚ ਕੈਸ਼ ਨੂੰ ਛਿਪਾ ਕੇ ਲਿਆ ਰਹੇ ਸਨ। ਦੂਸਰੇ ਕੇਸ ਵਿੱਚ ਕਰੰਸੀ ਬੈਗ ਅਤੇ ਟਿਫਨ ਵਿੱਚ ਛੁਪਾਈ ਗਈ ਸੀ। ਪੁਲਸ ਨੇ ਲੁਧਿਆਣਾ ਤੋਂ ਇਨਕਮ ਟੈਕਸ (ਇਨਵੈਸਟੀਗੇਸ਼ਨ ਵਿੰਗ) ਦੇ ਅਧਿਕਾਰੀਆਂ ਨੂੰ ਸੱਦ ਕੇ ਇਹ ਰਾਸ਼ੀ ਅਤੇ ਇਸ ਦੇ ਦੋਸ਼ੀਆਂ ਨੂੰ ਇਨਕਮ ਟੈਕਸ ਵਿਭਾਗ ਦੀ ਟੀਮ ਦੇ ਹਵਾਲੇ ਕਰਦੇ ਹੋਏ ਦੋਵੇਂ ਹੀ ਕੇਸ ਉਨ੍ਹਾਂ ਨੂੰ ਸੌਂਪ ਦਿੱਤੇ ਹਨ। ਐੱਸ ਐੱਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਨਾਰਕੋਟਿਕਸ ਸੈਲ ਦੇ ਏ ਐਸ ਆਈ ਸੁਖਬੀਰ ਸਿੰਘ ਨੇ ਪੁਲਸ ਟੀਮ ਨਾਲ ਪ੍ਰਿਸਟਾਈਨ ਮਾਲ ਦੇ ਨੇੜੇ ਨਾਕਾਬੰਦੀ ਕੀਤੀ ਸੀ। ਮੰਡੀ ਗੋਬਿੰਦਗੜ੍ਹ ਵੱਲੋਂ ਆਈ ਹਰਿਆਣਾ ਨੰਬਰ ਦੀ ਲਾਲ ਰੰਗ ਦੀ ਆਈ ਟਵੰਟੀ ਕਾਰ ਨੂੰ ਰੋਕਿਆ ਤਾਂ ਮਾਣ ਸਰੋਵਰ ਗਾਰਡਨ (ਨਵੀਂ ਦਿੱਲੀ) ਦਾ ਵਸਨੀਕ ਮਨੋਜ ਕੁਮਾਰ ਚਲਾ ਰਿਹਾ ਸੀ। ਉਸ ਦੇ ਨਾਲ ਮਾਨ ਸਰੋਵਰ ਦਾ ਵਾਸੀ ਵਿਸ਼ਾਂਤ ਅਰੋੜਾ ਤੇ ਨਰਿੰਦਰ ਸਿੰਘ ਵਾਸੀ ਰਾਜਾਗੜ੍ਹ ਰਾਜੌਰੀ ਗਾਰਡਨ (ਨਵੀਂ ਦਿੱਲੀ) ਵੀ ਸਨ। ਤਲਾਸ਼ੀ ਦੌਰਾਨ ਕਾਰ ਦੀ ਡਿੱਗੀ ਵਿੱਚ ਰੱਖੇ ਡੱਬੇ ਵਿੱਚ 49.80 ਲੱਖ ਰੁਪਏ ਬਰਾਮਦ ਕੀਤੇ ਗਏ। ਇਸ ਰਾਸ਼ੀ ਦੇ ਬਾਰੇ ਉਹ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ।
ਦੂਸਰੇ ਕੇਸ ਵਿੱਚ ਮੰਡੀ ਗੋਬਿੰਦਗੜ੍ਹ ਵੱਲੋਂ ਆਈ ਦਿੱਲੀ ਨੰਬਰ ਦੀ ਸਫੈਦ ਸਵਿਫਟ ਡਿਜ਼ਾਇਰ ਕਾਰ ਨੂੰ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਰੋਕਿਆ ਤਾਂ ਇਸ ਨੂੰ ਯੂ ਪੀ ਦੇ ਬਾਗਪਤ ਜ਼ਿਲ੍ਹੇ ਦੇ ਬੜੌਤ ਦਾ ਰਹਿਣ ਵਾਲਾ ਗੌਰਵ ਚਲਾ ਰਿਹਾ ਸੀ। ਉਸ ਦੇ ਨਾਲ ਆਸ਼ੂ ਗੋਇਲ ਤੇ ਰਾਜ ਕੁਮਾਰ ਵਾਸੀ ਬੜੌਤ ਸਵਾਰ ਸਨ। ਪੁਲਸ ਨੇ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿੱਚ ਪਏ ਬੈਗ ਅਤੇ ਟਿਫਨ ਵਿੱਚ ਛਿਪਾ ਕੇ ਰੱਖੇ ਸਾਢੇ 12 ਲੱਖ ਰੁਪਏ ਮਿਲੇ। ਇਹ ਤਿੰਨੇ ਜਣੇ ਵੀ ਰਕਮ ਬਾਰੇ ਕੋਈ ਸਬੂਤ ਜਾਂ ਦਸਤਾਵੇਜ਼ ਨਹੀਂ ਦਿਖਾ ਸਕੇ। ਇਨਕਮ ਟੈਕਸ ਵਿਭਾਗ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪਤੀ ਨੇ ਹੀ ਪਤਨੀ ਦੀ ਐਕਟਿਵਾ ਨੂੰ ਟੱਕਰ ਮਾਰੀ, ਪਤਨੀ ਜ਼ਖ਼ਮੀ

ਜਗਰਾਉਂ, 21 ਮਾਰਚ (ਪੋਸਟ ਬਿਊਰੋ)- ਆਪਣੇ ਪਤੀ ਦੀ ਕੁੱਟਮਾਰ ਤੋਂ ਤੰਗ ਹੋ ਕੇ ਪੇਕੇ ਆਈ ਪਤਨੀ ਨੂੰ ਭਾਬੀ ਨਾਲ ਐਕਟਿਵਾ ਉੱਤੇ ਜਾਂਦੀ ਨੂੰ ਕਾਰ ਦੀ ਟੱਕਰ ਮਾਰ ਕੇ ਪਤੀ ਨੇ ਗੰਭੀਰ ਜ਼ਖ਼ਮੀ ਕਰ ਦਿੱਤਾ। ਤਿੰਨ ਦਿਨਾਂ ਤੋਂ ਹਸਪਤਾਲ ਵਿਚ ਦਾਖਲ ਪੀੜਤ ਔਰਤ ਦੀ ਪੁਲਿਸ ਨੇ ਵੀ ਸਾਰ ਤੱਕ ਨਹੀਂ ਜਾਣੀ।
ਪੀੜਤਾ ਜਸਵਿੰਦਰ ਕੌਰ ਵਾਸੀ ਤਲਵੰਡੀ ਨੌਆਬਾਦ ਨੇ ਦੱਸਿਆ ਕਿ ਉਸ ਦਾ ਵਿਆਹ ਪਿੰਡ ਰਣੀਕੇ ਦੇ ਹਰਨੇਕ ਸਿੰਘ ਨਾਲ ਹੋਇਆ ਸੀ। ਉਸ ਦਾ ਪਤੀ ਉਸ ਨਾਲ ਅਕਸਰ ਕੁੱਟਮਾਰ ਕਰਦਾ ਸੀ। ਮਹੀਨਾ ਪਹਿਲਾਂ ਉਸ ਦੀ ਕੁੱਟਮਾਰ ਤੋਂ ਤੰਗ ਆ ਕੇ ਉਹ ਪੇਕੇ ਪਿੰਡ ਤਲਵੰਡੀ ਨੌਆਬਾਦ ਆ ਗਈ, ਜਿਥੇ ਉਸ ਨੇ ਪਤੀ ਦੇ ਜ਼ੁਲਮਾਂ ਬਾਰੇ ਕਾਰਵਾਈ ਲਈ ਥਾਣਾ ਮੁੱਲਾਂਪੁਰ ਦੀ ਪੁਲਿਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਸੀ। ਜਦੋਂ 16 ਮਾਰਚ ਨੂੰ ਉਹ ਤਲਵੰਡੀ ਨੌਆਬਾਦ ਤੋਂ ਆਪਣੀ ਭਾਬੀ ਨਾਲ ਐਕਟਿਵਾ ਉੱਤੇ ਭੂੰਦੜੀ ਦਵਾਈ ਲੈਣ ਚੱਲੀ ਸੀ ਤਾਂ ਇਕ ਸਵਿਫ਼ਟ ਕਾਰ ਉੱਤੇ ਉਸ ਦਾ ਪਤੀ, ਚਾਚੇ ਦਾ ਮੁੰਡਾ, ਜੋ ਪੁਲਿਸ ਮੁਲਾਜ਼ਮ ਹੈ ਅਤੇ ਸੱਸ ਸਵਾਰ ਸਨ, ਉਨ੍ਹਾਂ ਨੇ ਕਾਰ ਉਸ ਦੀ ਐਕਟਿਵਾ ਵਿਚ ਮਾਰੀ, ਜਿਸ ਨਾਲ ਉਹ ਤੇ ਉਸ ਦੀ ਭਾਬੀ ਸੜਕ ਉੱਤੇ ਡਿੱਗ ਪਈਆਂ। ਇਸ ਟੱਕਰ ਵਿਚ ਉਸ ਦੀ ਭਾਬੀ ਵਾਲ-ਵਾਲ ਬਚ ਗਈ ਅਤੇ ਉਹ ਗੰਭੀਰ ਜ਼ਖ਼ਮੀ ਹੋ ਗਈ। ਏਸੇ ਹਾਲਤ ਵਿਚ ਉਸ ਦਾ ਪਤੀ ਤੇ ਪਰਿਵਾਰ ਜ਼ਬਰਨ ਕਾਰ ਵਿਚ ਪਾ ਰਹੇ ਸਨ ਤਾਂ ਰੌਲਾ ਪਾਉਣ ਉੱਤੇ ਭੱਜ ਗਏ। ਜਸਵਿੰਦਰ ਕੌਰ ਨੇ ਦੱਸਿਆ ਕਿ 17 ਮਾਰਚ ਨੂੰ ਪੁਲਿਸ ਨੂੰ ਝਗੜੇ ਦੀ ਸੂਚਨਾ ਦਿੱਤੀ ਗਈ, ਪਰ ਅਜੇ ਤੱਕ ਕੋਈ ਉਸ ਦੀ ਸਾਰ ਲੈਣ ਵੀ ਕੋਈ ਨਹੀਂ ਆਇਆ। ਇਸ ਬਾਰੇ ਮੁੱਲਾਂਪੁਰ ਥਾਣੇ ਦੇ ਮੁਖੀ ਇੰਸਪੈਕਟਰ ਜਗਦੀਸ਼ ਕੁਮਾਰ ਨੇ ਦੱਸਿਆ ਕਿ ਇਸ ਕੇਸ ਵਿਚ ਪੀੜਤਾ ਦਾ ਬਿਆਨ ਕਲਮਬੰਦ ਕਰਨ ਲਈ ਥਾਣੇਦਾਰ ਦੀ ਡਿਊਟੀ ਲਾ ਦਿੱਤੀ ਗਈ ਹੈ।

# ਪੈਪਸੂ ਦੀ ਬੱਸ ਵਿੱਚੋਂ ਚਾਂਦੀ ਦੇ ਬਿਸਕੁਟਾਂ ਦੀ ਵੱਡੀ ਖੇਪ ਫੜੀ

ਪਟਿਆਲਾ, 21 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੀ ਚੌਕਸੀ ਦੌਰਾਨ ਪਟਿਆਲਾ ਪੁਲਸ ਨੇ ਨਾਕਾਬੰਦੀ ਹੇਠ ਕੱਲ੍ਹ ਚਾਂਦੀ ਦੇ ਬਿਸਕੁਟਾਂ ਦੀ ਵੱਡੀ ਖੇਪ ਫੜੀ ਹੈ। ਇਹ ਚਾਂਦੀ ਪੀ ਆਰ ਟੀ ਸੀ ਦੀ ਬੱਸ ਵਿੱਚ ਆ ਰਹੇ ਮਹਾਰਾਸ਼ਟਰ ਦੇ ਇਕ ਵਿਅਕਤੀ ਤੋਂ ਫੜੀ ਗਈ ਹੈ, ਜੋ ਪੁਲਸ ਦੇ ਸਾਹਮਣੇ ਕੋਈ ਕਾਗਜ਼ਾਤ ਪੇਸ਼ ਨਹੀਂ ਕਰ ਸਕਿਆ।
ਐਸ ਐਸ ਪੀ ਮਨਦੀਪ ਸਿੰਘ ਸਿੱਧੂ ਦੇ ਮੁਤਾਬਕ ਡੀ ਐਸ ਪੀ ਪਾਤੜਾਂ ਸੁਖਅੰਮ੍ਰਿਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਪੁਲਸ ਨੇ ਪੰਜਾਬ ਹਰਿਆਣਾ ਸਰਹੱਦ 'ਤੇ ਤਿੰਨ ਜਗ੍ਹ ਨਾਕਾਬੰਦੀ ਕੀਤੀ ਸੀ। ਇਸ ਦੌਰਾਨ ਦਿੱਲੀ-ਸੰਗਰੂਰ ਨੈਸ਼ਨਲ ਹਾਈਵੇ ਦੇ ਪਿੰਡ ਢਾਬ ਗੁਜਰਾਂ ਨੇੜਲੇ ਨਾਕੇ 'ਤੇ ਚੈਕਿੰਗ ਦੌਰਾਨ ਨਰਵਾਣਾ ਤੋਂ ਪਟਿਆਲਾ ਜਾਂਦੀ ਪੀ ਆਰ ਟੀ ਸੀ ਦੀ ਬੱਸ ਵਿੱਚ ਤਲਾਸ਼ੀ ਵਿੱਚ ਇਕ ਵਿਅਕਤੀ ਦੇ ਬੈਗ ਤੋਂ ਚਾਂਦੀ ਦੇ 43 ਬਿਸਕੁਟ ਮਿਲੇ, ਜਿਨ੍ਹਾਂ ਦਾ ਭਾਰ 18 ਕਿਲੋ 600 ਗ੍ਰਾਮ ਹੈ।

# ਧੋਖੇ ਨਾਲ ਜ਼ਮੀਨ ਹੜੱਪਣ ਕਾਰਨ ਦੋ ਨਾਇਬ ਤਹਿਸੀਲਦਾਰਾਂ ਸਣੇ ਛੇ ਜਣਿਆਂ ਨੂੰ ਕੈਦ

ਮਾਨਸਾ, 21 ਮਾਰਚ (ਪੋਸਟ ਬਿਊਰੋ)- ਮਾਨਸਿਕ ਰੋਗੀ ਦੀ ਜ਼ਮੀਨ ਹੜੱਪਣ ਦੇ ਦੋਸ਼ ਵਿੱਚ ਮਾਨਸਾ ਦੀ ਅਦਾਲਤ ਨੇ ਦੋ ਨਾਇਬ ਤਹਿਸੀਲਦਾਰਾਂ ਸਮੇਤ ਛੇ ਜਣਿਆਂ ਨੂੰ ਇੱਕ ਤੋਂ ਲੈ ਕੇ ਤਿੰਨ ਸਾਲ ਤੱਕ ਦੀ ਕੈਦ ਸੁਣਾਈ ਹੈ। ਪਿੰਡ ਪੈਰਾਂ ਦਾ ਦਰਬਾਰਾ ਸਿੰਘ ਮਾਨਸਿਕ ਪੱਖੋਂ ਪ੍ਰੇਸ਼ਾਨ ਸੀ। ਉਸ ਦੇ ਹਿੱਸੇ ਦੀ ਕਰੀਬ ਚਾਰ ਏਕੜ ਜ਼ਮੀਨ ਸੀ ਤੇ ਉਸ ਦੀ ਇਸ ਹਾਲਤ ਦਾ ਫਾਇਦਾ ਲੈ ਕੇ ਧੰਨਾ ਸਿੰਘ ਅਤੇ ਉਸ ਦੇ ਬੇਟੇ ਪ੍ਰਗਟ ਸਿੰਘ ਨੇ ਇਸ ਦੀ ਰਜਿਸਟਰੀ 2012 ਵਿੱਚ ਆਪਣੇ ਨਾਂਅ ਕਰਵਾ ਲਈ ਸੀ। ਅਦਾਲਤ ਨੇ ਪਾਇਆ ਕਿ ਮਾਨਸਿਕ ਬਿਮਾਰ ਵਿਅਕਤੀ ਜ਼ਮੀਨ ਨਹੀਂ ਵੇਚ ਸਕਦਾ। ਇਸ ਕਾਰਨ ਅਦਾਲਤ ਨੇ ਰਜਿਸਟਰੀ ਰੱਦ ਕਰ ਦੇਣ ਲਈ ਹੁਕਮ ਦਿੱਤੇ। ਪਤਾ ਲੱਗਾ ਕਿ ਧੰਨਾ ਸਿੰਘ, ਪ੍ਰਗਟ ਸਿੰਘ ਨੇ ਜ਼ਮੀਨ ਆਪਣੇ ਨਾਂਅ ਕਰਾਉਣ ਲਈ ਧੋਖਾ ਕੀਤਾ ਹੈ। ਮਾਨਸਾ ਦੇ ਨੰਬਰਦਾਰ ਜਗਸੀਰ ਸਿੰਘ ਤੋਂ ਪੈਰੋਂ ਦੇ ਵਿਅਕਤੀ ਦੀ ਗਵਾਹੀ ਕਰਾਈ ਗਈ, ਜਦ ਕਿ ਉਹ ਨਿਯਮਾਂ ਅਨੁਸਾਰ ਇਸ ਤਰ੍ਹਾਂ ਨਹੀਂ ਕਰ ਸਕਦਾ ਸੀ। ਰਜਿਸਟਰੀ ਤੋਂ ਪਹਿਲਾਂ ਓਦੋਂ ਦੇ ਨਾਇਬ ਤਹਿਸੀਲਦਾਰ ਬਲਜੀਤ ਸਿੰਘ ਸਿੱਧੂ ਨੇ ਇਸ ਦੀ ਤਸਦੀਕ ਕੀਤੀ ਤੇ ਨਾਇਬ ਤਹਿਸੀਲਦਾਰ ਸੁਰਿੰਦਰਪਾਲ ਸ਼ਰਮਾ ਤੋਂ ਰਜਿਸਟਰੀ ਕਰਵਾਈ ਗਈ। ਬਾਅਦ ਵਿੱਚ ਜ਼ਮੀਨ ਨਾਬਾਲਗ ਮਨਦੀਪ ਸਿੰਘ ਦੇ ਨਾਂਅ ਕਰਵਾ ਦਿੱਤੀ ਸੀ। ਜਿਸ ਮਗਰੋਂ ਮੁਲਜਿਮਾਂ ਨੂੰ ਸਜ਼ਾ ਦਿਤੀ ਗਈ ਸੀ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



## ਭਾਰਤੀ ਕੋਸਟ ਗਾਰਡ ਦਾ ਪਾਕਿਸਤਾਨ ਨੂੰ ਜਵਾਬ, ਕੋਈ ਗੱਲ ਨਹੀਂ ਹੋਵੇਗੀ

ਮੁੰਬਈ, 21 ਮਾਰਚ (ਪੋਸਟ ਬਿਊਰੋ)- ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਅੱਤਵਾਦੀ ਹਮਲਾ ਹੋਣ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤੇ ਮਾੜੇ ਤੋਂ ਮਾੜੇ ਹੁੰਦੇ ਜਾ ਰਹੇ ਹਨ। ਭਾਰਤ ਸਰਕਾਰ ਪਾਕਿਸਤਾਨ ਨੂੰ ਅਲੱਗ ਥਲੱਗ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਹਿਲਾਂ ਹੀ ਸਾਫ ਕਰ ਦਿੱਤਾ ਸੀ ਕਿ ਪਾਕਿਸਤਾਨ ਜਦੋਂ ਤੱਕ ਅੱਤਵਾਦੀਆਂ 'ਤੇ ਕਾਰਵਾਈ ਨਹੀਂ ਕਰਦਾ, ਤਦ ਤੱਕ ਉਸ ਨਾਲ ਗੱਲਬਾਤ ਸੰਭਵ ਨਹੀਂ। ਪੁਲਵਾਮਾ ਹਮਲੇ ਦੇ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਵਿੱਚ ਛੇ ਤੋਂ 9 ਮਾਰਚ ਨੂੰ ਹੋਣ ਵਾਲੇ ਕੋਸਟ ਗਾਰਡ ਆਫ ਇੰਡੀਆ ਅਤੇ ਪਾਕਿਸਤਾਨ ਦਰਮਿਆਨ ਹੋਣ ਵਾਲੀ ਬੈਠਕ ਨੂੰ ਰੱਦ ਕਰ ਦਿੱਤਾ ਸੀ। ਪਾਕਿਸਤਾਨ ਵਿੱਚ ਹੋਣ ਜਾ ਰਹੀ ਇਸ ਬੈਠਕ ਵਿੱਚ ਭਾਰਤੀ ਕੋਸਟ ਗਾਰਡਜ਼ ਦੇ ਡਾਇਰੈਕਟਰ ਜਨਰਲ ਰਾਜਿੰਦਰ ਸਿੰਘ ਨੇ ਜਾਣਾ ਸੀ। ਪੁਲਵਾਮਾ ਹਮਲੇ ਦੇ ਮੱਦੇਨਜ਼ਰ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ।

## ਸਰਹੱਦ ਉੱਤੇ ਤੈਨਾਤ ਜਵਾਨਾਂ ਨੂੰ ਆਧੁਨਿਕ ਰਾਈਫਲਾਂ ਮਿਲੀਆਂ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਭਾਰਤ ਵੱਲੋਂ ਕੁਝ ਦਿਨ ਪਹਿਲਾਂ ਬਾਲਾਕੋਟ ਵਿਖੇ ਕੀਤੀ ਏਅਰ ਸਟਰਾਈਕ ਤੋਂ ਬਾਅਦ ਪਾਕਿਸਤਾਨ ਨੂੰ ਬੌਖਲਾਇਆ ਹੋਇਆ ਵੇਖ ਕੇ ਉਸ ਵੱਲੋਂ ਲਗਾਤਾਰ ਗੋਲੀਬੰਦੀ ਦੀ ਉਲੰਘਣਾ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਰਿਹਾ ਹੈ ਅਤੇ ਸਰਹੱਦ 'ਤੇ ਭਾਰਤੀ ਜਵਾਨਾਂ ਨੂੰ ਨਵੇਂ ਹਥਿਆਰ ਮਿਲੇ ਹਨ। ਜੰਮੂ ਡਵੀਜ਼ਨ ਦੇ ਸੈਕਟਰ ਵਿੱਚ ਭਾਰਤੀ ਫੌਜ ਦੀਆਂ ਨਵੀਆਂ ਸਨਾਈਪਰ ਰਾਈਫਲਾਂ ਨਾਲ ਪਾਕਿਸਤਾਨ 'ਚ ਭਾਰੀ ਨੁਕਸਾਨ ਹੋਇਆ ਹੈ। ਪਾਕਿਸਤਾਨ ਕਿਉਂਕਿ ਅਕਸਰ ਹੀ ਗੋਲੀਬੰਦੀ ਦੀ ਉਲੰਘਣਾ ਕਰਦਾ ਹੈ, ਇਸ ਕਾਰਨ ਭਾਰਤ ਨੇ ਉਸ ਨੂੰ ਉਸੇ ਦੀ ਭਾਸ਼ਾ 'ਚ ਜਵਾਬ ਦੇਣ ਦਾ ਫੈਸਲਾ ਕੀਤਾ ਹੈ। ਭਾਰਤੀ ਜਵਾਨਾਂ ਵੱਲੋਂ ਜਿਹੜੀਆਂ ਨਵੀਆਂ ਸਨਾਈਪਰ ਰਾਈਫਲਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚ ਲਾਪੂਆ ਮੈਗਨਮ ਅਤੇ ਬੇਰੇਟਾ ਸ਼ਾਮਲ ਹਨ। ਇਹ ਦੋਵੇਂ ਰਾਈਫਲਾਂ ਵੱਖ-ਵੱਖ ਕੈਲੇਬਰ ਦੀਆਂ ਹਨ। ਲਾਪੂਆ ਮੈਗਨਮ ਸਨਾਈਪਰ ਰਾਈਫਲ ਨੂੰ ਫਿਨਲੈਂਡ ਦੀ ਕੰਪਨੀ ਬਣਾਉਂਦੀ ਹੈ। ਇਸ ਦੀ ਵਰਤੋਂ ਅਫਗਾਨਿਸਤਾਨ ਤੇ ਇਰਾਕ ਦੀ ਜੰਗ ਦੌਰਾਨ ਅਮਰੀਕਾ ਵੱਲੋਂ ਕੀਤੀ ਜਾ ਚੁੱਕੀ ਹੈ। ਦੁਸ਼ਮਣਾਂ ਦੇ ਕਿਲੇ ਢਾਹੁਣ ਲਈ ਇਸ ਰਾਈਫਲ ਨੂੰ ਬਹੁਤ ਵਧੀਆ ਮੰਨਿਆ ਗਿਆ ਹੈ।

ਜੰਮੂ-ਕਸ਼ਮੀਰ ਰਾਜਨੀਤੀ

## ਦੋ ਸੀਟਾਂ ਕਾਂਗਰਸ, ਇੱਕ ਨੈਸ਼ਨਲ ਕਾਨਫਰੰਸ, ਤਿੰਨ ਤੋਂ ਦੋਸਤਾਨਾ ਮੁਕਾਬਲਾ ਹੋਵੇਗਾ

ਜੰਮੂ, 21 ਮਾਰਚ (ਪੋਸਟ ਬਿਊਰੋ)- ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਵਿਚਾਲੇ ਲੋਕ ਸਭਾ ਦੀਆਂ ਚੋਣਾਂ ਲਈ ਜੰਮੂ-ਕਸ਼ਮੀਰ ਵਿੱਚ ਸਮਝੌਤਾ ਹੋ ਗਿਆ। ਇਸ ਹੇਠ ਦੋ ਸੀਟਾਂ 'ਤੇ ਕਾਂਗਰਸ ਅਤੇ ਇੱਕ 'ਤੇ ਨੈਸ਼ਨਲ ਕਾਨਫਰੰਸ ਚੋਣ ਲੜੇਗੀ। ਤਿੰਨ ਹੋਰ ਸੀਟਾਂ ਉੱਤੇ ਦੋਸਤਾਨਾ ਮੁਕਾਬਲਾ ਹੋਵੇਗਾ।

ਇਸ ਸੰਬੰਧ ਵਿੱਚ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਅਤੇ ਜੰਮੂ-ਕਸਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਅਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਫਾਰੂਕ ਅਬਦੁੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ ਕਿ ਜੰਮੂ ਅਤੇ ਊਧਮਪੁਰ ਤੋਂ ਕਾਂਗਰਸ ਉਮੀਦਵਾਰ ਖੜ੍ਹੇ ਕਰੇਗੀ,ਸ੍ਰੀਨਗਰ ਤੋਂ ਨੈਸ਼ਨਲ ਕਾਨਫਰੰਸ ਦਾ ਉਮੀਦਵਾਰ ਤੇ ਬਾਰਾਮੂਲਾ, ਅਨੰਤਨਾਗ ਅਤੇ ਲੱਦਾਖ ਤੋਂ ਦੋਵੇਂ ਪਾਰਟੀਆਂ ਦੋਸਤਾਨਾ ਮੁਕਾਬਲਾ ਕਰਨਗੀਆਂ। ਫਾਰੂਕ ਨੇ ਕਿਹਾ ਕਿ ਉਹ ਖੁਦ ਸ੍ਰੀਨਗਰ ਤੋਂ ਚੋਣ ਲੜਨਗੇ ਅਤੇ ਕੋਈ ਕੁੜੱਤਣ ਨਹੀਂ ਹੋਵੇਗੀ। ਦੂਸਰੇ ਪਾਸੇ ਸੀ ਪੀ ਆਈ ਐੱਮ ਨੇ ਲੋਕ ਸਭਾ ਦੀਆਂ ਚੋਣਾਂ ਲਈ ਕੱਲ੍ਹ ਆਪਣੇ ਉਮੀਦਵਾਰਾਂ ਦੀ ਦੂਸਰੀ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਪੱਛਮੀ ਬੰਗਾਲ ਸਮੇਤ ਛੇ ਰਾਜਾਂ ਲਈ 20 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਇਸ ਵਿੱਚ ਪੱਛਮੀ ਬੰਗਾਲ ਦੀਆਂ 13 ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੇ ਨਾਂਅ ਸ਼ਾਮਲ ਹਨ। ਸੂਚੀ ਵਿੱਚ ਆਂਧਰਾ ਪ੍ਰਦੇਸ਼ ਦੇ 2, ਉਤਰਾਖੰਡ, ਤੇਲੰਗਾਨਾ, ਕਰਨਾਟਕ ਤੇ ਝਾਰਖੰਡ ਤੋਂ ਇੱਕ-ਇੱਕ ਉਮੀਦਵਾਰ ਸ਼ਾਮਲ ਹੈ। ਬੀਤੇ ਐਤਵਾਰ ਪਾਰਟੀ ਨੇ ਪਹਿਲੀ ਸੂਚੀ ਜਾਰੀ ਕਰ ਕੇ 12 ਸੂਬਿਆਂ ਦੇ 45 ਉਮੀਦਵਾਰਾਂ ਦਾ ਐਲਾਨ ਕੀਤਾ ਸੀ।



ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਅਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਫਾਰੂਕ ਅਬਦੁੱਲਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

ਬਿਹਾਰ ਵਿੱਚ ਲੋਕ ਸਭਾ ਚੋਣਾਂ ਬਾਰੇ ਰਾਸ਼ਟਰੀ ਜਨਤਾ ਦਲ (ਰਾਜਦ) ਦੀ ਅਗਵਾਈ ਹੇਠਲੇ ਮਹਾਗਠਜੋੜ ਵਿੱਚ ਸੀਟਾਂ ਦੀ ਵੰਡ 'ਤੇ ਉਲਝਣ ਕਈ ਦੌਰ ਦੀ ਗੱਲਬਾਤ ਪਿੱਛੋਂ ਸੁਲਝ ਗਈ। ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਪੁੱਤਰ ਅਤੇ ਬਿਹਾਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਨੇ 10 ਦਿਨ ਪਿੱਛੋਂ ਦਿੱਲੀ ਤੋਂ ਪਟਨਾ ਪਰਤਣ 'ਤੇ ਕਿਹਾ ਕਿ ਮਹਾਗਠਜੋੜ ਵਿੱਚ ਸੀਟਾਂ ਦਾ ਮਸਲਾ ਹੱਲ ਹੋ ਗਿਆ ਹੈ।

## ਐਨ ਜੀ ਟੀ ਨੇ ਆਵਾਜ਼ ਪ੍ਰਦੂਸ਼ਣ ਨੂੰ ਵੀ ਗੰਭੀਰ ਅਪਰਾਧ ਕਿਹਾ




ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਆਵਾਜ਼ ਪ੍ਰਦੂਸ਼ਣ ਨੂੰ ਗੰਭੀਰ ਅਪਰਾਧ ਮੰਨਦੇ ਹੋਏ ਪੁਲਸ ਨੂੰ ਕਿਹਾ ਹੈ ਕਿ ਨਿਰਧਾਰਤ ਮਾਪਦੰਡ ਤੋਂ ਵੱਧ ਆਵਾਜ਼ ਪੈਦਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰੇ। ਟ੍ਰਿਬਿਊਨਲ ਦੇ ਚੇਅਰਮੈਨ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਪੁਲਸ ਕਮਿਸ਼ਨਰ ਨੂੰ ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਾਲੇ ਅਧਿਕਾਰੀਆਂ 'ਤੇ ਨਿਗਰਾਨੀ ਲਈ ਕਿਹਾ ਹੈ ਤਾਂ ਜੋ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਹੋ ਸਕੇ। ਬੈਂਚ ਨੇ ਇਸ 'ਤੇ ਇਕ ਮਹੀਨੇ ਦੇ ਅੰਦਰ ਈਮੇਲ ਰਾਹੀਂ ਰਿਪੋਰਟ ਵੀ ਤਲਬ ਕੀਤੀ ਹੈ।

ਇਸ ਸੰਬੰਧ ਵਿੱਚ ਐਨ ਜੀ ਟੀ ਨੇ ਕਿਹਾ ਕਿ ਸ਼ਾਂਤੀਪੂਰਨ ਮਾਹੌਲ 'ਚ ਰਹਿਣਾ ਲੋਕਾਂ ਦਾ ਸੰਵਿਧਾਨਕ ਅਧਿਕਾਰ ਹੈ। ਮਿਥੇ ਹੋਏ ਸਟੈਂਡਰਡ ਤੋਂ ਵੱਧ ਰੌਲਾ ਪਾਉਣਾ ਗੰਭੀਰ ਅਪਰਾਧ ਹੈ, ਇਸ ਨੂੰ ਰੋਕਣ ਲਈ ਕਾਰਵਾਈ ਦੀ ਜ਼ਰੂਰਤ ਹੈ। ਬੈਂਚ ਨੇ ਅਖੰਡ ਭਾਰਤ ਮੋਰਚਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਆਦੇਸ਼ ਦਿੱਤਾ ਹੈ। ਇਸ ਵਿੱਚ ਮੋਰਚੇ ਨੇ ਦੋਸ਼ ਲਾਇਆ ਹੈ ਕਿ ਪੂਰਬੀ ਦਿੱਲੀ ਵਿੱਚ ਮਸਜਿਦਾਂ 'ਚ ਨਾਜਾਇਜ਼ ਤਰੀਕੇ ਨਾਲ ਲਾਊਡ ਸਪੀਕਰਾਂ ਦੀ ਵਰਤੋਂ ਨਾਲ ਉਸ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਦੀ ਸਿਹਤ ਉੱਤੇ ਮਾੜਾ ਅਸਰ ਪੈ ਰਿਹਾ ਹੈ। ਬੈਂਚ ਨੇ ਕਿਹਾ ਕਿ ਜ਼ਿਆਦਾ ਆਵਾਜ਼ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਥਾਵਾਂ ਦੀ ਪਛਾਣ, ਉਥੇ ਆਵਾਜ਼ ਮਾਪਕ ਜੰਤਰ ਲਾਉਣ ਅਤੇ ਮਿਥੇ ਹੋਏ ਪੱਧਰ ਤੋਂ ਜ਼ਿਆਦਾ ਆਵਾਜ਼ ਪੈਦਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਬੈਂਚ ਨੇ ਇਹ ਵੀ ਕਿਹ ਕਿ ਸਮੇਂ-ਸਮੇਂ ਜਾਂਚ ਅਤੇ ਨਿਗਰਾਨੀ ਦੀ ਵਿਵਸਥਾ ਹੋਣ ਦੇ ਨਾਲ ਵਿੱਦਿਅਕ ਅਦਾਰਿਆਂ ਅਤੇ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਨਾਲ ਤਾਲਮੇਲ ਹੋਣਾ ਚਾਹੀਦਾ ਹੈ, ਜਦੋਂ ਵੱਡੇ ਪੱਧਰ 'ਤੇ ਕਾਨੂੰਨ ਦੀ ਉਲੰਘਣਾ ਹੋ ਰਹੀ ਹੋਵੇ ਤਾਂ ਚਾਰ ਲੋਕਾਂ ਖਿਲਾਫ ਕਾਰਵਾਈ ਕਰਨ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਪੱਤਰ ਲਿਖ ਦੇਣ ਨਾਲ ਕੰਮ ਨਹੀਂ ਚੱਲਣ ਵਾਲਾ। ਸੁਣਵਾਈ ਦੀ ਅਗਲੀ ਤਰੀਕ 12 ਜੁਲਾਈ ਤੈਅ ਕੀਤੀ ਗਈ ਹੈ।

ਮਨਜੀਤ ਸਿੰਘ ਜੀ ਕੇ ਕਹਿੰਦੈ:

## ਸਿੱਖ ਨੀਤੀ ਤੇ ਰਾਜਨੀਤੀ ਕਦੇ ਵੀ ਇਕੱਠੇ ਨਹੀਂ ਚੱਲ ਸਕਦੇ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਦਿੱਲੀ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਆਪਣੇ ਖਿਲਾਫ ਲੱਗ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਬਾਅਦ ਦਰਜ ਹੋਏ ਕੇਸ ਵਿੱਚ ਦਿੱਲੀ ਪੁਲਸ ਦੀ ਇੱਕ ਕਲੋਜ਼ਰ ਪੇਸ਼ ਹੋਣ ਦੇ ਬਾਅਦ ਕੱਲ੍ਹ ਮੀਡੀਆ ਸਾਹਮਣੇ ਆਏ ਅਤੇ ਇਸ ਦੇ ਨਾਲ ਹੀ ਸ਼ਿਕਾਇਤ ਕਰਤਾ ਦੀ ਇੱਛਾ ਅਤੇ ਵਿਹਾਰ ਬਾਰੇ ਵੀ ਉਨ੍ਹਾਂ ਨੇ ਕਈ ਸਵਾਲ ਚੁੱਕੇ।

ਆਪਣੇ ਖਿਲਾਫ ਅਦਾਲਤੀ ਹੁਕਮ 'ਤੇ ਕੇਸ ਦਰਜ ਹੋਣ ਦੇ ਬਾਅਦ ਤਿੰਨ ਮਹੀਨੇ ਚੁੱਪ ਰਹੇ ਮਨਜੀਤ ਸਿੰਘ ਜੀ ਕੇ ਨੇ ਇਨ੍ਹਾਂ ਦੋਸ਼ਾਂ ਦੇ ਪਿੱਛੇ ਵੱਡੀ ਸਾਜ਼ਿਸ਼ ਦਾ ਵੀ ਸ਼ੱਕ ਪ੍ਰਗਟਾਇਆ ਅਤੇ ਕਿਹਾ ਕਿ ਇਕ ਪਾਸੇ 1984 ਸਿੱਖਾਂ ਦੇ ਕਤਲਾਂ ਦਾ ਦੋਸ਼ੀ ਜਗਦੀਸ਼ ਟਾਈਟਲਰ ਮੇਰੇ ਖਿਲਾਫ ਕੇਸ ਦਰਜ ਕਰਾਉਂਦਾ ਹੈ ਤਾਂ ਦੂਸਰੇ ਪਾਸੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦਾ ਮੈਂਬਰ ਗੁਰਮੀਤ ਸਿੰਘ ਸ਼ੰਟੀ ਮੇਰੇ ਬਾਰੇ ਟਾਈਟਲਰ ਦੀ ਸਟਿੰਗ ਵੀਡੀਓ ਜਾਰੀ ਕਰਨ ਦੇ ਬਦਲੇ ਕਰੋੜਾਂ ਰੁਪਏ ਲੈਣ ਦਾ ਦੋਸ਼ ਲਾ ਕੇ ਕੇਸ ਦਰਜ ਕਰਾਉਂਦਾ ਹੈ, ਪਰ ਅਦਾਲਤ ਵਿੱਚ ਇਸ ਦਾ ਕੋਈ ਸਬੂਤ ਨਹੀਂ ਰੱਖਦਾ, ਫਿਰ ਟਾਈਟਲਰ ਸ਼ੰਟੀ ਦਾ ਇਹ ਰਿਸ਼ਤਾ ਕੀ ਕਹਾਉਂਦਾ ਹੈ? ਇਕ ਪਾਸੇ ਕਤਲਾਂ ਦੇ ਦੂਸਰੇ ਵੱਡੇ ਦੋਸ਼ੀ ਸੱਜਣ ਕੁਮਾਰ ਨੂੰ ਅਸੀਂ ਜੇਲ੍ਹ ਭੇਜਦੇ ਹਾਂ ਤੇ ਟਾਈਟਲਰ ਨੂੰ ਜੇਲ ਭੇਜਣ ਦੀ ਤਿਆਰੀ ਕਰਦੇ ਹਾਂ, ਪਰ ਇਸ ਦੌਰਾਨ ਮੇਰੀ ਪੰਥ ਪ੍ਰਤੀ ਵਫਾਦਾਰੀ 'ਤੇ ਸਵਾਲ ਚੁੱਕਣ ਬਾਰੇ ਸ਼ੰਟੀ ਉਤਸ਼ਾਹ ਵਿੱਚ ਕਾਤਲਾਂ ਨੂੰ ਸੁਰੱਖਿਆ ਦੇਣ ਦੀ ਮੁਹਿੰਮ ਦੇ ਮੋਹਰ ਬਣੇ ਨਜ਼ਰ ਕਿਉਂ ਆਉਂਦੇ ਹਨ? ਮਨਜੀਤ ਸਿੰਘ ਜੀ ਕੇ ਨੇ ਆਪਣਾ ਕਿਰਦਾਰ ਘਾਣ ਕਰਨ ਦੀ ਸਾਜ਼ਿਸ਼ ਰੱਚਣ ਵਾਲੇ ਸਾਰੇ ਲੋਕਾਂ ਦਾ ਨਾਮ ਲਏ ਬਿਨਾ ਆਪਣੇ ਸਮੇਤ ਸਭ ਦਾ ਲਾਈ ਡਿਟੈਕਟਰ ਟੈਸਟ ਕਰਵਾਉਣ ਦੀ ਦਿੱਲੀ ਪੁਲਸ ਨੂੰ ਅਪੀਲ ਕੀਤੀ ਅਤੇ ਆਪਣੇ ਪਿਤਾ ਤੇ ਖੁਦ ਵੱਲੋਂ ਕੀਤੇ ਗਏ ਪੰਥਕ ਕਾਰਜਾਂ ਨੂੰ ਵੀ ਆਪਣੇ ਸਰਗਰਮ ਸਿਆਸੀ ਵਿਰੋਧੀਆਂ ਦੀ ਤਤਪਰਤਾ ਨਾਲ ਜੋੜਿਆ।



ਮਨਜੀਤ ਸਿੰਘ ਜੀ ਕੇ ਨੇ ਲੋਕ ਸਭਾ ਚੋਣਾਂ ਲੜਨ ਦੀਆਂ ਅਟਕਲਾਂ ਦੇ ਬਾਰੇ ਕਿਹਾ ਕਿ ਸਿੱਖ ਨੀਤੀ ਤੇ ਰਾਜਨੀਤੀ ਇਕੱਠੇ ਨਹੀਂ ਚੱਲਦੀ, ਉਹ ਧਰਮ ਦੀ ਨੀਤੀ ਤੇ ਰਾਜਨੀਤੀ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਨਹੀਂ ਰੱਖਦੇ।

## ਸੈਫਈ ਵਿੱਚ ਹੋਲੀ ਮੌਕੇ ਦੋ ਪਲੇਟਫਾਰਮ ਸਜੇ, ਪਰਿਵਾਰ ਨੇ ਵੱਖ-ਵੱਖ ਹੋਲੀ ਮਨਾਈ

* ਮੁਲਾਇਮ ਵੱਲੋਂ ਮੁੰਡੇ ਦੇ ਪੱਖ ਵਿੱਚ ਗੱਲਾਂ ਸ਼ੁਰੂ

ਇਟਾਵਾ, 21 ਮਾਰਚ (ਪੋਸਟ ਬਿਊਰੋ)- ਹੋਲੀ ਲਈ ਪ੍ਰਸਿੱਧ ਮੁਲਾਇਮ ਸਿੰਘ ਯਾਦਵ ਦੇ ਪਿੰਡ ਸੈਫਈ ਵਿੱਚ ਇਸ ਵਾਰ ਹੋਲੀ ਦੇ ਦੋ ਰੰਗ ਦੇਖਣ ਨੂੰ ਮਿਲੇ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਸਿੰਘ ਯਾਦਵ ਨੇ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਨੂੰ ਮੰਚ ਉੱਤੇ ਨਾਲ ਬਿਠਾ ਕੇ ਫੁੱਲਾਂ ਦੀ ਹੋਲੀ ਖੇਡੀ, ਪਰ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ ਲੋਹੀਆ ਦੇ ਪ੍ਰਧਾਨ ਸ਼ਿਵਪਾਲ ਸਿੰਘ ਯਾਦਵ ਨੇ ਹੋਲੀ ਲਈ ਆਪਣਾ ਵੱਖਰਾ ਮੰਚ ਸਜਾਇਆ।

ਸ਼ਿਵਪਾਲ ਨੇ ਐੱਸ ਐੱਸ ਮੈਮੋਰੀਅਲ ਸਕੂਲ ਵਿੱਚ ਪੰਡਾਲ ਲਾ ਕੇ ਵਰਕਰਾਂ ਤੇ ਲੋਕਾਂ ਨੂੰ ਹੋਲੀ ਦੇ ਮੌਕੇ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਦੌਰਾਨ ਉਨ੍ਹਾਂ ਦੇ ਪੁੱਤਰ ਅੱਦਿਤਿਆ ਯਾਦਵ ਵੀ ਮੌਜੂਦ ਸਨ, ਪਰ ਮੁਲਾਇਮ ਸਿੰਘ ਪਰਿਵਾਰ ਦਾ ਕੋਈ ਹੋਰ ਮੈਂਬਰ ਸ਼ਿਵਪਾਲ ਸਿੰਘ ਯਾਦਵ ਦੀ ਹੋਲੀ ਵਿੱਚ ਨਹੀਂ ਗਿਆ। ਪਾਰਲੀਮੈਂਟ ਮੈਂਬਰ ਧਰਮੇਂਦਰ ਯਾਦਵ, ਤੇਜ ਪ੍ਰਤਾਪ ਸਿੰਘ ਯਾਦਵ ਅਤੇ ਪਰਿਵਾਰ ਦੇ ਹੋਰ ਮੈਂਬਰ ਵੀ ਅਖਿਲੇਸ਼ ਯਾਦਵ ਦੀ ਹੋਲੀ ਵਿੱਚ ਪਹੁੰਚੇ।

ਇਟਾਵਾ ਵਿੱਚ ਹੋਲੀ ਮੌਕੇ ਮੁਲਾਇਮ ਸਿੰਘ ਯਾਦਵ ਦਾ ਅਸ਼ੀਰਵਾਦ ਲੈ ਕੇ ਚੱਲੇ ਸ਼ਿਵਪਾਲ ਸਿੰਘ ਯਾਦਵ ਨੇ ਦੇਸ਼ ਤੇ ਰਾਜ ਦੇ ਲੋਕਾਂ ਨੂੰ ਹੋਲੀ ਦੀ ਵਧਾਈ ਦਿੰਦਿਆਂ ਕਿਹਾ ਕਿ ਮੈਂ ਕਾਂਗਰਸ ਸਮੇਤ ਗਠਜੋੜ ਦੇ ਦਲਾਂ ਨਾਲ ਚੋਣ ਲੜਨ ਲਈ ਮਨਾਉਣ ਦਾ ਯਤਨ ਕੀਤਾ, ਪਰ ਉਨ੍ਹਾਂ ਨੂੰ ਮੈਨੂੰ ਸ਼ਾਮਲ ਨਹੀਂ ਕੀਤਾ। ਇਸ ਲਈ ਮੈਂ ਪੀਸ ਪਾਰਟੀ ਅਤੇ ਦੂਜੀਆਂ ਛੋਟੀਆਂ ਪਾਰਟੀਆਂ ਨਾਲ ਗਠਜੋੜ ਕਰਨ ਦਾ ਫੈਸਲਾ ਕੀਤਾ ਹੈ।



*ਅਖਿਲੇਸ਼ ਸਿੰਘ ਯਾਦਵ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਨੂੰ ਮੰਚ ਉੱਤੇ ਨਾਲ ਬਿਠਾ ਕੇ ਫੁੱਲਾਂ ਦੀ ਹੋਲੀ ਖੇਡਦੇ ਹੋਏ।*

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਆਪਣੇ ਚਾਚਾ ਸ਼ਿਵਪਾਲ ਸਿੰਘ ਯਾਦਵ ਦਾ ਨਾਂ ਲਏ ਬਿਨਾਂ ਕਿਹਾ ਕਿ ਫਿਰੋਜ਼ਾਬਾਦ ਲੋਕ ਸਭਾ ਸੀਟ ਹਰ ਹਾਲ ਵਿੱਚ ਜਿੱਤਣੀ ਹੈ। ਉਨ੍ਹਾਂ ਕਿਹਾ ਕਿ ਮੈਨਪੁਰੀ ਲੋਕ ਸਭਾ ਸੀਟ ਨੇਤਾ ਜੀ ਮੁਲਾਇਮ ਸਿੰਘ ਯਾਦਵ ਰਿਕਾਰਡ ਵੋਟਾਂ ਨਾਲ ਜਿੱਤੇ, ਫਿਰ ਕਨੌਜ ਅਤੇ ਇਟਾਵਾ ਦੇ ਲੋਕ ਪਿੱਛੇ ਨਾ ਰਹਿ ਜਾਣ ਅਤੇ ਜਿੱਤ ਦਰਜ ਕਰਾਉਣ। ਸਮਾਜਵਾਦੀ ਪਾਰਟੀ ਨੇ ਫਿਰੋਜ਼ਾਬਾਦ ਤੋਂ ਰਾਮ ਗੋਪਾਲ ਯਾਦਵ ਦੇ ਬੇਟੇ ਅਕਸ਼ੇ ਯਾਦਵ ਨੂੰ ਟਿਕਟ ਦਿੱਤੀ ਹੈ, ਪਰ ਇਸੇ ਸੀਟ ਤੋਂ ਉਨ੍ਹਾਂ ਦੇ ਚਾਚਾ ਸ਼ਿਵਪਾਲ ਯਾਦਵ ਵੀ ਚੋਣ ਲੜ ਰਹੇ ਹਨ।

ਇਸ ਮੌਕੇ ਮੁਲਾਇਮ ਸਿੰਘ ਯਾਦਵ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੇ ਕਮਾਨ ਸਾਂਭਣੀ ਹੈ। ਪਾਰਟੀ ਦੇ ਪ੍ਰਮੁੱਖ ਜਨਰਲ ਸਕੱਤਰ ਰਾਮਗੋਪਾਲ ਯਾਦਵ ਨੇ ਕਿਹਾ ਕਿ ਗਠਜੋੜ ਹੋਣ ਨਾਲ ਉੱਤਰ ਪ੍ਰਦੇਸ਼ ਵਿੱਚ ਭਾਜਪਾ ਵਾਲੇ ਆਗੂ ਪਰੇਸ਼ਾਨ ਹਨ ਅਤੇ ਭਾਜਪਾ ਆਪਣੇ ਉਮੀਦਵਾਰ ਐਲਾਨ ਨਹੀਂ ਕਰ ਰਹੀ।

## ਸੀ ਆਰ ਪੀ ਐਫ ਜਵਾਨ ਨੇ ਗੋਲੀਆਂ ਮਾਰ ਕੇ ਤਿੰਨ ਸਾਥੀ ਮਾਰੇ

* ਪਿੱਛੋਂ ਖੁਦ ਨੂੰ ਵੀ ਗੋਲੀ ਮਾਰੀ, ਹਾਲਤ ਗੰਭੀਰ



ਹਸਪਤਾਲ ਵਿਚ ਲਾਸ਼ਾਂ ਦੀ ਜਾਂਚ ਕਰਦੇ ਪੁਲਸ ਅਧਿਕਾਰੀ।

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਊਧਮਪੁਰ ਵਿੱਚ ਇੱਕ ਸੀ ਆਰ ਪੀ ਐਫ ਜਵਾਨ ਨੇ ਕਿਸੇ ਵਿਵਾਦ ਤੋਂ ਬਾਅਦ ਆਪਣੇ ਤਿੰਨ ਸਾਥੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਖੁਦ ਨੂੰ ਗੋਲੀ ਮਾਰ ਲਈ ਜਿਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਫੋਰਸ ਦੇ ਅਧਿਕਾਰੀਆਂ ਨੇ ਦੱਸਿਆ ਕਿ 187ਵੀਂ ਬਟਾਲੀਅਨ ਦੇ ਸਿਪਾਹੀ ਅਜੀਤ ਕੁਮਾਰ ਦਾ ਆਪਣੇ ਸਾਥੀਆਂ ਨਾਲ ਬੱਟਲ ਬਾਲਿਆਨ ਕੈਂਪ ਵਿੱਚ ਕੋਈ ਵਿਵਾਦ ਹੋਣ ਤੋਂ ਬਾਅਦ ਉਸ ਨੇ ਆਪਣੇ ਤਿੰਨ ਸਾਥੀਆਂ ਨੂੰ ਗੋਲੀ ਮਾਰ ਦਿੱਤੀ, ਜਿਨ੍ਹਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਸ ਨੇ ਖੁਦ ਨੂੰ ਗੋਲੀ ਮਾਰ ਲਈ, ਜਿਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਅਜੀਤ ਕੁਮਾਰ ਉਤਰ ਪ੍ਰਦੇਸ਼ ਦੇ ਕਾਨਪੁਰ ਦਾ ਵਸਨੀਕ ਹੈ। ਮ੍ਰਿਤਕ ਜਵਾਨਾਂ ਦੀ ਪਛਾਣ ਹੈਡ ਕਾਂਸਟੇਬਲ ਪੋਕਰਮਲ ਆਰ ਵਾਸੀ ਝੁਨਝੁਨ, ਰਾਜਸਥਾਨ, ਯੋਗੇਂਦਰ ਸ਼ਰਮਾ ਵਾਸੀ ਮੌਜਪੁਰ, ਦਿੱਲੀ ਅਤੇ ਹਰਿਆਣਾ ਵਿੱਚ ਰਿਵਾੜੀ ਦੇ ਰਹਿਣ ਵਾਲੇ ਉਮੇਦ ਸਿੰਘ ਵਜੋਂ ਹੋਈ ਹੈ। ਘਟਨਾ ਤੋਂ ਬਾਅਦ ਸੀਨੀਅਰ ਸੀ ਆਰ ਪੀ ਐਫ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਕੇਜਰੀਵਾਲ ਨੂੰ ਕਿਹਾ ਗਿਆ ਸੀ:

## ਦਿੱਲੀ ਤੱਕ ਤਾਂ ਠੀਕ ਹੈ, ਓਦੋਂ ਅੱਗੇ ਗਏ ਤਾਂ ਮੋਦੀ ਦਾ ਪਤੈ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਤਲਖੀ ਭਰੇ ਸੰਬੰਧਾਂ ਦਾ ਸਭ ਨੂੰ ਪਤਾ ਹੈ, ਇਸ ਪਿੱਛੇ ਕਈ ਕਾਰਨ ਹਨ। ਅਜਿਹਾ ਇਕ ਕਿੱਸਾ ਲਗਭਗ 4 ਸਾਲ ਪਹਿਲਾਂ ਵਾਪਰਿਆ ਸੀ, ਜਦੋਂ ਅਰਵਿੰਦ ਕੇਜਰੀਵਾਲ ਨੂੰ ਇਹ ਧਮਕੀ ਵੀ ਸੁਣਨੀ ਪਈ ਕਿ ਦਿੱਲੀ ਤੱਕ ਸੀਮਤ ਰਹੋ ਤਾਂ ਠੀਕ ਹੈ, ਇਸ ਤੋਂ ਬਾਹਰ ਖੰਭ ਫੈਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੋਦੀ ਜੀ ਨੂੰ ਜਾਣਦੇ ਹੋ ਨਾ।

ਇਹ ਗੱਲ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਡਿਨਰ ਵਿੱਚ ਪ੍ਰੋਟੋਕਾਲ ਹੇਠ ਆਪਸੀ ਗੱਲਬਾਤ ਵੇਲੇ ਭਾਰਤ ਦੇ ਅਜੋਕੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਕੇਜਰੀਵਾਲ ਨੂੰ ਕਹੀ ਸੀ। ਇਹ ਹੀ ਸਮਾਂ ਸੀ, ਜਦੋਂ ਮਈ 2015 ਵਿੱਚ ਦਿੱਲੀ ਵਿੱਚ 67 ਸੀਟਾਂ ਦੀ ਬਹੁਮਤ ਨਾਲ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਹੱਥੋਂ ਭਾਜਪਾ ਨੂੰ ਬੁਰੀ ਤਰ੍ਹਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਸਾਲ 2014 ਵਿੱਚ ਮੋਦੀ ਲਹਿਰ ਨਾਲ ਕੇਂਦਰ ਵਿੱਚ ਭਾਜਪਾ ਦੀ ਐੱਨ ਡੀ ਏ ਸਰਕਾਰ ਬਣ ਚੁੱਕੀ ਸੀ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਇੰਨੀ ਬੁਰੀ ਹਾਰ ਝਟਕੇ ਤੋਂ ਘੱਟ ਨਹੀਂ ਸੀ। ਇਸ ਤੋਂ ਭਾਜਪਾ ਇੰਨੀ ਖਿਝੀ ਕਿ ਉਸ ਨੇ ਕੇਜਰੀਵਾਲ ਸਰਕਾਰ ਦੇ ਖਿਲਾਫ ਪੂਰੀ ਮਸ਼ੀਨਰੀ ਲਾ ਦਿੱਤੀ ਸੀ। ਪੱਤਰਕਾਰ ਤੋਂ ਆਮ ਆਦਮੀ ਪਾਰਟੀ ਦੇ ਆਗੂ ਬਣੇ ਆਸ਼ੂਤੋਸ਼ ਨੇ ਆਪਣੀ ਕਿਤਾਬ 'ਹਿੰਦੂ ਰਾਸ਼ਟਰ' ਵਿਚ ਇਸ ਕਿੱਸੇ ਦਾ ਜ਼ਿਕਰ ਕੀਤਾ ਹੈ। 'ਆਪ : ਐਨ ਐਂਟੀਪੈਥੀ' ਸਿਰਲੇਖ ਹੇਠ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਦਿੱਲੀ ਦੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਨਜੀਬ ਜੰਗ ਤੇ ਪੁਲਸ ਮੁਖੀ ਬੀ ਐੱਸ ਬੱਸੀ ਦੋਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਿਲਾਫ ਸਨ ਤੇ ਸਹਿਯੋਗ ਨਹੀਂ ਕੀਤਾ ਜਾ ਰਿਹਾ ਸੀ। ਇਸ ਸਿਲਸਿਲੇ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲ ਕੇ ਸਹਿਯੋਗ ਦੀ ਗੱਲ ਕਹੀ। ਇਸ ਤੋਂ ਬਾਅਦ ਰਾਸ਼ਟਰਪਤੀ ਭਵਨ ਵਿੱਚ ਇੱਕ ਡਿਨਰ ਮੌਕੇ ਪ੍ਰੋਟੋਕਾਲ ਹੇਠ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸੱਦੇ ਗਏ ਤਾਂ ਉਹ ਜਿਥੇ ਬੈਠੇ ਸਨ, ਉਨ੍ਹਾਂ ਦੇ ਬਿਲਕੁਲ ਨਾਲ ਪ੍ਰਧਾਨ ਮੰਤਰੀ ਦੇ ਕਰੀਬੀ ਤੇ ਕੌਮੀ ਸੁਰੱਖਿਆ ਸਲਾਹਕਾਰ (ਐੱਨ ਐੱਸ ਏ) ਅਜੀਤ ਡੋਭਾਲ ਬੈਠੇ ਸਨ। ਆਪਸੀ ਗੱਲਬਾਤ ਦੌਰਾਨ ਡੋਭਾਲ ਨੇ ਕੇਜਰੀਵਾਲ ਨੂੰ ਕਿਹਾ ਕਿ ਉਨ੍ਹਾਂ ਨੂੰ ਦਿੱਲੀ ਤੋਂ ਬਾਹਰ ਆਪਣੇ ਖੰਭ ਨਹੀਂ ਫੈਲਾਉਣੇ ਚਾਹੀਦੇ।



PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
■ 1st & 2nd Mortgages
■ Refinancing & Renewal
■ Line of Credit
■ Debt Consolidation
■ Self Employed
■ Truck Loan
■ Equipment Leasing
■ Bad Credit
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
Visitor Visa ($200)
Supervisa ($200)
Study, Work, Visitor Extension ($125)
Spousal Applications ($600)
Family Sponsorship
Permanent Residence Card Renewal ($65)
Citizenship Applications ($70)
All Invitation letters ($35)
OTHER PRACTICES:
Criminal Law
Power of Attorney ($60)
Change of Name ($115)
Notarization ($15)
Travel Consent ($20)
Affidavit ($35)
Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

### ਅਮਰੀਕਾ ਦੀ ਪਾਕਿ ਨੂੰ ਚੇਤਾਵਨੀ

# ਜੇ ਇਸ ਤੋਂ ਬਾਅਦ ਭਾਰਤ ਉਤੇ ਹਮਲਾ ਹੋਇਆ ਤਾਂ ਪਾਕਿ ਨੂੰ ਵੀ ਵੱਡੀ ਪਰੇਸ਼ਾਨੀ ਹੋਵੇਗੀ



ਵਾਸ਼ਿੰਗਟਨ, 21 ਮਾਰਚ (ਪੋਸਟ ਬਿਊਰੋ)- ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਕਰਾਰਾ ਜਵਾਬ ਦਿੱਤਾ ਸੀ, ਪਰ ਹਾਲੇ ਵੀ ਦੋਵੇਂ ਦੇਸ਼ਾਂ ਦਾ ਤਣਾਅ ਘੱਟ ਨਹੀਂ ਹੋਇਆ। ਇਸ ਹਮਲੇ ਪਿੱਛੋਂ ਅੱਤਵਾਦ ਖ਼ਿਲਾਫ਼ ਭਾਰਤ ਨੂੰ ਪੂਰੀ ਦੁਨੀਆ ਦਾ ਸਾਥ ਮਿਲਿਆ ਸੀ ਤੇ ਅਮਰੀਕਾ ਲਗਾਤਾਰ ਪਾਕਿਸਤਾਨ ਨੂੰ ਚਿਤਾਵਨੀ ਦੇ ਰਿਹਾ ਹੈ। ਤਾਜ਼ਾ ਘਟਨਾਕ੍ਰਮ ਵਿੱਚ ਅਮਰੀਕਾ ਨੇ ਇਕ ਵਾਰ ਫਿਰ ਪਾਕਿਸਤਾਨ ਨੂੰ ਸਾਫ਼ ਕਹਿ ਦਿੱਤਾ ਕਿ ਜੇ ਇਸ ਤੋਂ ਬਾਅਦ ਭਾਰਤ ਉੱਤੇ ਹਮਲਾ ਹੋਇਆ ਤਾਂ ਵੱਡੀ ਪਰੇਸ਼ਾਨੀ ਹੋਵੇਗੀ।

ਅਮਰੀਕਾ ਵਿੱਚ ਟਰੰਪ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਵ੍ਹਾਈਟ ਹਾਊਸ ਤੋਂ ਇਕ ਬਿਆਨ ਵਿੱਚ ਕਿਹਾ ਕਿ ਇਹ ਦੇਖਣ ਦੀ ਲੋੜ ਹੈ ਕਿ ਪਾਕਿਸਤਾਨ ਆਪਣੇ ਅੰਦਰ ਸਰਗਰਮ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤਾਇਬਾ ਵਰਗੇ ਅੱਤਵਾਦੀ ਸੰਗਠਨਾਂ ਖ਼ਿਲਾਫ਼ ਕਾਰਵਾਈ ਕਰੇ। ਜੇ ਪਾਕਿਸਤਾਨ ਚਾਹੁੰਦਾ ਹੈ ਕਿ ਖੇਤਰ ਵਿੱਚ ਫਿਰ ਤਣਾਅ ਪੈਦਾ ਨਾ ਹੋਵੇ ਤਾਂ ਉਸ ਨੂੰ ਐਕਸ਼ਨ ਲੈਣਾ ਪਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਨੂੰ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਭਾਰਤ-ਪਾਕਿਸਤਾਨ ਖੇਤਰ ਵਿੱਚ ਕਿਸੇ ਤਰ੍ਹਾਂ ਤਣਾਅ ਪੈਦਾ ਨਾ ਹੋਵੇ, ਇਸ ਲਈ ਜ਼ਰੂਰੀ ਹੈ ਕਿ ਪਾਕਿ-ਸਤਾਨ ਖ਼ਾਸ ਕਰਕੇ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤਾਇਬਾ ਦੇ ਖ਼ਿਲਾਫ਼ ਸਖ਼ਤ ਕਦਮ ਚੁੱਕੇ।

ਇਸ ਸੰਬੰਧ ਵਿੱਚ ਅਮਰੀਕਾ ਨੇ ਕਿਹਾ ਕਿ ਜੇ ਹਾਲਾਤ ਵਿਗੜ ਗਏ ਤਾਂ ਦੋਵੇਂ ਦੇਸ਼ਾਂ ਲਈ ਖ਼ਤਰਨਾਕ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਨੇ ਪਿਛਲੇ ਦਿਨੀਂ ਕੁਝ ਕਾਰਵਾਈਆਂ ਕੀਤੀਆਂ ਤੇ ਕੁਝ ਅੱਤਵਾਦੀਆਂ ਦੀ ਜਾਇਦਾਦ ਵੀ ਜ਼ਬਤ ਕੀਤੀ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਕੀਤੀ ਹੈ, ਪਰ ਅਸੀਂ ਇਸ ਤੋਂ ਵੱਧ ਐਕਸ਼ਨ ਚਾਹੁੰਦੇ ਹਾਂ। ਪਾਕਿਸਤਾਨ ਪਹਿਲਾਂ ਵੀ ਅਜਿਹੇ ਐਕਸ਼ਨ ਲੈ ਚੁੱਕਾ ਹੈ, ਪਰ ਬਾਅਦ ਵਿੱਚ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ। ਬਾਲਾਕੋਟ 'ਚ ਭਾਰਤੀ ਹਵਾਈ ਫ਼ੌਜ ਦੀ ਏਅਰ ਸਟ੍ਰਾਈਕ ਤੋਂ ਬਾਅਦ ਪਾਕਿ ਵੱਲੋਂ ਚੁੱਕੇ ਕਦਮਾਂ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਕੌਮਾਂਤਰੀ ਭਾਈਚਾਰਾ ਦੇਖਣਾ ਚਾਹੁੰਦਾ ਹੈ ਕਿ ਅੱਤਵਾਦੀ ਸੰਗਠਨਾਂ ਖ਼ਿਲਾਫ਼ ਠੋਸ ਅਤੇ ਫ਼ੈਸਲਾਕੁਨ ਕਾਰਵਾਈ ਹੋਵੇ।

## ਇਸ਼ਤਿਹਾਰਾਂ ਵਿੱਚ ਪੱਖਪਾਤ ਕਾਰਨ ਗੂਗਲ ਨੂੰ 1.49 ਡਾਲਰ ਦਾ ਜੁਰਮਾਨਾ

ਬਰੂਸੇਲਸ, 21 ਮਾਰਚ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਨੇ ਆਨਲਾਈਨ ਇਸ਼ਤਿਹਾਰ ਦੇ ਪੱਖ-ਪਾਤ ਬਾਰੇ ਗੂਗਲ 'ਤੇ 1.49 ਅਰਬ ਯੂਰੋ (ਕਰੀਬ 117 ਅਰਬ ਰੁਪਏ) ਜੁਰਮਾਨਾ ਲਾਇਆ ਹੈ।

ਇੱਕ ਜਾਂਚ ਚੌਰਾਨ ਗੂਗਲ ਨੂੰ ਮੁਕਾਬਲੇਬਾਜ਼ੀ ਕਾਨੂੰਨ ਦੇ ਉਲੰਘਣ ਦਾ ਦੋਸ਼ ਮੰਨਦੇ ਹੋਏ ਯੂਰਪੀ ਯੂਨੀਅਨ ਨੇ ਇਹ ਫੈਸਲਾ ਦਿੱਤਾ ਹੈ। ਇਹ ਤੀਸਰੀ ਵਾਰ ਹੈ, ਜਦ ਕਮਿਸ਼ਨ ਨੇ ਗੂਗਲ 'ਤੇ ਮੋਟਾ ਜੁਰਮਾਨਾ ਲਾਇਆ ਹੈ। ਯੂਰਪੀ ਯੂਨੀਅਨ ਦੀ ਮੁਕਾਬਲੇਬਾਜ਼ੀ ਕਮਿਸ਼ਨਰ ਮਾਰਗ੍ਰੇਟ ਵੈਸਟੈਗਰ ਨੇ ਪ੍ਰੈਸ ਕਾਨਫਰੰਸ ਵਿੱਚ ਗੂਗਲ ਦੀ ਐਡਸੈਂਸ ਨੀਤੀ ਦੀ ਲੰਬੇ ਸਮੇਂ ਤੋਂ ਚੱਲ ਰਹੀ ਜਾਂਚ ਦਾ ਜ਼ਿਕਰ ਕਰ ਕੇ ਇਸ ਜੁਰਮਾਨੇ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ, ਯੂਰਪੀ ਯੂਨੀਅਨ ਨੇ ਐਡਸੈਂਸ ਪਲੇਟਫਾਰਮ ਦੇ ਕੇਸ ਵਿੱਚ ਬਾਜ਼ਾਰ ਵਿੱਚ ਆਪਣੀ ਮਜ਼ਬੂਤ ਸਥਿਤੀ ਦੀ ਦੁਰਵਰਤੋਂ ਨੂੰ ਲੈ ਕੇ ਗੂਗਲ 'ਤੇ ਇਹ ਜੁਰਮਾਨਾ ਲਾਇਆ ਹੈ। ਯੂਰਪੀ ਯੂਨੀਅਨ ਨੇ ਪਾਇਆ ਕਿ ਗੂਗਲ ਅਤੇ ਉਸ ਦੀ ਪੈਰੇਂਟ ਕੰਪਨੀ ਅਲਫਾਬੇਟ ਨੇ ਉਨ੍ਹਾਂ ਕੰਪਨੀਆਂ ਦੇ ਨਾਲ ਕਾਨਟ੍ਰੇਕਟ ਵਿੱਚ ਪਾਬੰਦੀਸ਼ੁਦਾ ਧਾਰਾ ਲਾਈਆਂ, ਜਿਨ੍ਹਾਂ ਨੇ ਐਡਸੈਂਸ ਦੀ ਵਰਤੋਂ ਕੀਤੀ। ਇਸ ਤਰ੍ਹਾਂ ਗੂਗਲ ਨੇ ਇਨ੍ਹਾਂ ਵੈਬਸਾਈਟਾਂ 'ਤੇ ਆਪਣੇ ਇਸ਼ਤਿਹਾਰ ਰੱਖਣ ਤੋਂ ਰੋਕਿਆ। ਇਸ ਨਾਲ ਨਿਯਮਾਂ ਦਾ ਉਲੰਘਣ ਹੋਇਆ ਹੈ। ਵੈਸਟੈਗਰ ਨੇ ਕਿਹਾ, ਗੂਗਲ ਨੇ ਆਪਣੀ ਮਜ਼ਬੂਤੀ ਦਾ ਫਾਇਦਾ ਲੈ ਕੇ ਆਪਣੇ ਵਿਰੋਧੀਆਂ ਦੀ ਮੁਕਾਬਲੇਬਾਜ਼ੀ ਅੱਗੇ ਰੁਕਾਵਟ ਪਾਈ।

## 5 ਅਣਵਿਆਹੇ ਜੋੜਿਆਂ ਨੂੰ ਸ਼ਰੇਆਮ ਕੋੜੇ ਮਾਰੇ ਗਏ



ਜਕਾਰਤਾ, 21 ਮਾਰਚ (ਪੋਸਟ ਬਿਊਰੋ)- ਇੰਡੋਨੇਸ਼ੀਆ ਦਾ ਇਕ ਦਿਲ ਦਹਿਲਾ ਦੇਣ ਵਾਲਾ ਕੇਸ ਸਾਹਮਣੇ ਆਇਆ ਹੈ, ਜਿੱਥੇ 5 ਅਣਵਿਆਹੇ ਜੋੜਿਆਂ ਦੇ ਗਰੁੱਪ ਨੂੰ ਪਿਆਰ ਕਰਨ ਦੇ ਦੋਸ਼ ਵਿਚ ਜਨਤਕ ਰੂਪ ਵਿਚ ਕੋੜੇ ਮਾਰੇ ਗਏ। ਕੱਟੜ ਸੋਚ ਵਾਲੇ ਖੇਤਰ ਦੇ ਇਸਲਾਮੀ ਕਾਨੂੰਨ ਦੇ ਤਹਿਤ ਅਜਿਹਾ ਕਰਨਾ ਜੁਰਮਨ ਹੈ। ਇਸ ਸਜ਼ਾ ਨਾਲ ਦੋ ਔਰਤਾਂ ਦੀ ਹਾਲਤ ਇੰਨੀ ਖਰਾਬ ਹੋ ਗਈ ਕਿ ਉਨ੍ਹਾਂ ਲਈ ਤੁਰਨਾ ਮੁਸ਼ਕਲ ਹੋ ਗਿਆ।

ਸੁਮਾਟਰਾ ਟਾਪੂ ਦੇ ਸਿਰੇ ਨੇੜੇ ਵੱਸਦੇ ਇਸ ਖੇਤਰ ਵਿਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਜੁਰਮ ਕਿਹਾ ਜਾਂਦਾ ਹੈ, ਜਿਨ੍ਹਾਂ ਵਿਚ ਜੂਆ ਖੇਡਣਾ, ਸ਼ਰਾਬ ਪੀਣਾ ਅਤੇ ਸਮਲਿੰਗੀ ਯੌਨ ਸੰਬੰਧ ਬਣਾਉਣਾ ਸ਼ਾਮਲ ਹੈ। ਇਨ੍ਹਾਂ ਅਪਰਾਧਾਂ ਲਈ ਦੋਸ਼ੀ ਲੋਕਾਂ ਨੂੰ ਕੋੜੇ ਮਾਰੇ ਜਾਂਦੇ ਹਨ। ਦੁਨੀਆ ਵਿਚ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲੇ ਦੇਸ਼ ਵਿਚ ਇਹ ਇਕੋ ਸੂਬਾ ਹੈ, ਜਿੱਥੇ ਇਸਲਾਮੀ ਕਾਨੂੰਨ ਲਾਗੂ ਹੈ। ਇਸ ਰਾਜ ਦੀ ਰਾਜਧਾਨੀ ਬਾਂਦਾ ਏਸੇਹ ਵਿੱਚ ਮਸਜਿਦ ਅੱਗੇ ਦੋਸ਼ੀਆਂ ਨੂੰ ਰਤਨ ਬੈਂਤ ਨਾਲ 4 ਤੋਂ 22 ਕੋੜੇ ਮਾਰੇ ਗਏ। ਇਨ੍ਹਾਂ ਜੋੜਿਆਂ ਨੂੰ ਜੇਲ ਵਿਚ ਕਈ ਮਹੀਨੇ ਰੱਖਣ ਮਗਰੋਂ ਵੀਰਵਾਰ ਇਹ ਸਜ਼ਾ ਦਿੱਤੀ ਗਈ। ਇਹ ਜੋੜੇ ਬਾਂਦਾ ਏਸੇਹ ਵਿਚ ਇਕ ਹੋਟਲ ਉੱਤੇ ਛਾਪੇ ਦੌਰਾਨ ਬੀਤੇ ਸਾਲ ਆਖਰੀ ਮਹੀਨੇ ਵਿਚ ਗ੍ਰਿਫਤਾਰ ਹੋਏ ਸਨ। ਧਾਰਮਿਕ ਪੁਲਸ ਯੌਨ ਸੰਬੰਧ, ਗਲੇ ਲੱਗਣ, ਹੱਥ ਫੜਨ ਵਾਲੇ ਜੋੜਿਆਂ ਨੂੰ ਫੜ ਲੈਂਦੀ ਅਤੇ ਸਜ਼ਾ ਦਿੰਦੀ ਹੈ।

ਇਨ੍ਹਾਂ ਜੋੜਿਆਂ ਨੂੰ ਇੱਕ ਨਕਾਬਪੋਸ਼ ਸ਼ਰੀਅਤ ਅਧਿਕਾਰੀ ਵੱਲੋਂ ਬੇਰਹਿਮੀ ਨਾਲ ਕੁੱਟਦੇ ਹੋਏ ਅਤੇ ਅਪਰਾਧੀਆਂ ਨੂੰ ਦਰਦ ਨਾਲ ਤੜਫਦੇ ਹੋਇਆਂ ਨੂੰ ਬੱਚਿਆਂ ਸਮੇਤ ਸੈਂਕੜੇ ਲੋਕਾਂ ਨੇ ਦੇਖਿਆ। ਧਾਰਮਿਕ ਅਧਿਕਾਰੀ ਸਫਰੀਦੀ ਨੇ ਕਿਹਾ, 'ਸਾਨੂੰ ਆਸ ਹੈ ਕਿ ਭਵਿੱਖ ਵਿਚ ਏਦਾਂ ਦੇ ਹੋਰ ਕੇਸ ਨਹੀਂ ਹੋਣਗੇ। ਇਹ ਸ਼ਰਮਨਾਕ ਹਨ।'

## ਬ੍ਰਿਟੇਨ ਵਲੋਂ ਬ੍ਰੈਗਜ਼ਿਟ ਡੀਲ 30 ਜੂਨ ਤੱਕ ਟਾਲਣ ਲਈ ਯੂਰਪੀ ਯੂਨੀਅਨ ਨੂੰ ਅਪੀਲ

ਲੰਡਨ, 21 ਮਾਰਚ (ਪੋਸਟ ਬਿਊਰੋ)- ਬ੍ਰੈਗਜ਼ਿਟ (ਬ੍ਰਿਟੇਨ ਐਗਜ਼ਿਕ ਯੂਰਪੀਨ ਯੂਨੀਅਨ) ਬਾਰੇ ਸੰਕਟ ਵਿੱਚ ਫਸੀ ਹੋਈ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਯੂਰਪੀ ਯੂਨੀਅਨ (ਈ ਯੂ) ਦੇ ਨੇਤਾਵਾਂ ਨੂੰ ਬ੍ਰੈਗਜ਼ਿਟ ਡੀਲ ਨੂੰ ਤੀਹ ਜੂਨ ਤੱਕ ਟਾਲਣ ਦੀ ਅਪੀਲ ਕੀਤੀ ਹੈ। ਥੈਰੇਸਾ ਮੇਅ ਨੇ ਇਹ ਜਾਣਕਾਰੀ ਕੱਲ੍ਹ ਪਾਰਲੀਮੈਂਟ ਵਿੱਚ ਦਿੱਤੀ। ਯੂਰਪੀ ਯੂਨੀਅਨ ਦੇ ਨੇਤਾਵਾਂ ਦੀ ਬ੍ਰਸਲਜ਼ ਵਿੱਚ ਹੋਣ ਵਾਲੀ ਬੈਠਕ ਤੋਂ ਪਹਿਲਾਂ ਮੇ ਨੇ ਕਿਹਾ ਕਿ ਉਨ੍ਹਾਂ ਨੇ ਯੂਰਪੀ ਯੂਨੀਅਨ ਦੇ ਆਗੂ ਡੋਨਲਡ ਟਸਕ ਨੂੰ ਚਿੱਠੀ ਲਿਖੀ ਅਤੇ ਦੱਸਿਆ ਹੈ ਕਿ ਬ੍ਰਿਟੇਨ ਬ੍ਰੈਗਜ਼ਿਟ ਡੀਲ ਨੂੰ 30 ਜੂਨ ਤੱਕ ਟਾਲ ਦੇਣਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਕਿਹਾ ਹੈ ਕਿ ਅਸੀਂ ਇਸ ਨੂੰ ਹੋਰ ਸਮੇਂ ਤੱਕ ਨਹੀਂ ਟਾਲਣਾ ਚਾਹੁੰਦੇ। ਪ੍ਰਧਾਨ ਮੰਤਰੀ ਦੇ ਰੂਪ ਵਿੱਚ ਮੇਅ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਤੀਹ ਜੂਨ ਤੱਕ ਹੀ ਅਸੀਂ ਇਸ ਨੂੰ ਟਾਲਾਂਗੇ, ਬ੍ਰੈਗਜ਼ਿਟ ਵਿੱਚ ਹੋਰ ਦੇਰੀ ਕਰਨ ਦੇ ਲਈ ਤਿਆਰ ਨਹੀਂ ਹੈ।

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਦੇ ਸਪੀਕਰ ਜਾਨ ਬਰਕੋ ਨੇ ਯੂਰਪੀ ਯੂਨੀਅਨ ਨਾਲੋਂ ਵੱਖ ਹੋਣ ਦੇ ਪ੍ਰਧਾਨ ਮਤਰੀ ਦੇ ਸਮਝੌਤੇ 'ਤੇ ਤੀਸਰੀ ਵਾਰ ਵੋਟਿੰਗ ਕਰਾਉਣ ਦੀ ਇਜਾਜ਼ਤ ਨਹੀਂ ਦਿੱਤੀ। ਬ੍ਰਿਟਿਸ਼ ਪਾਰਲੀਮੈਂਟ ਮੈਂਬਰ ਇਸ ਤੋਂ ਪਹਿਲਾਂ ਦੋ ਵਾਰ ਇਸ ਸਮਝੌਤੇ ਨੂੰ ਰੱਦ ਕਰ ਚੁੱਕੇ ਹਨ। ਸਪੀਕਰ ਬਰਕੋ ਵੱਲੋਂ ਪ੍ਰਧਾਨ ਮੰਤਰੀ ਥੈਰੇਸਾ ਮੇ ਦੀ ਯੋਜਨਾ ਰੱਦ ਕਰਨ ਦੇ ਬਾਅਦ ਹੁਣ ਪ੍ਰਧਾਨ ਮੰਤਰੀ ਆਪਣੀ ਕੈਬਨਿਟ ਦੀ ਬੈਠਕ ਬੁਲਾਏਗੀ, ਜਿਸ ਵਿੱਚ ਯੂਰਪੀ ਯੂਨੀਅਨ ਨਾਲੋਂ ਅਲੱਗ ਹੋਣ ਨੂੰ ਲੈ ਕੇ ਅਗਲੇ ਕਦਮ 'ਤੇ ਵਿਚਾਰ ਕੀਤਾ ਜਾਏਗਾ।

# ਅਮਰੀਕਾ ਵਿੱਚ ਭਾਰਤੀ ਮੂਲ ਦੀ ਨੇਓਮੀ ਰਾਓ ਨੇ ਅਹੁਦੇ ਦੀ ਚੁੱਕੀ ਸਹੁੰ



ਵਾਸ਼ਿੰਗਟਨ, 21 ਮਾਰਚ (ਪੋਸਟ ਬਿਊਰੋ)- ਭਾਰਤੀ ਮੂਲ ਦੀ ਪ੍ਰਸਿੱਧ ਅਮਰੀਕੀ ਵਕੀਲ ਨੇਓਮੀ ਜਹਾਂਗੀਰ ਰਾਓ (45) ਨੇ ਅਮਰੀਕੀ ਸਰਕਿਟ ਜੱਜ ਦੇ ਰੂਪ ਵਿਚ ਅਹੁਦੇ ਦੀ ਸਹੁੰ ਚੁੱਕ ਲਈ ਹੈ। ਉਨ੍ਹਾਂ ਡਿਸਟ੍ਰਿਕਟ ਆਫ ਕੋਲੰਬੀਆ ਸਰਕਿਟ ਕੋਰਟ ਆਫ ਅਪੀਲਜ਼ ਦੇ ਜੱਜ ਦੇ ਰੂਪ ਵਿਚ ਸਹੁੰ ਚੁੱਕੀ ਹੈ।

ਨੇਓਮੀ ਨੇ ਵਿਵਾਦਾਂ ਨਾਲ ਘਿਰੇ ਬ੍ਰੇਡ ਕਾਵਾਨੋ ਦੀ ਜਗ੍ਹਾ ਲਈ ਹੈ। ਸਹੁੰ ਚੁੱਕ ਸਮਾਗਮ ਵਿਚ ਇਸ ਮੌਕੇ ਉਨ੍ਹਾਂ ਦੇ ਪਤੀ ਅਲਾਨ ਲੇਫੋਕੋਵਿਟਜ਼ ਵੀ ਮੌਜੂਦ ਸਨ। ਅਮਰੀਕੀ ਸੁਪਰੀਮ ਕੋਰਟ ਦੇ ਜੱਜ ਕਲੇਰੇਂਸ ਥਾਮਸ ਨੇ ਮੰਗਲਵਾਰ ਵ੍ਹਾਈਟ ਹਾਊਸ ਦੇ ਰੂਜ਼ਵੈਲਟ ਰੂਮ ਵਿਚ ਰਾਓ ਨੂੰ ਸਹੁੰ ਚੁੱਕਾਈ। ਉਨ੍ਹਾਂ ਨੇ ਬਾਈਬਲ ਨਾਲ ਸਹੁੰ ਚੁੱਕੀ। ਵ੍ਹਾਈਟ ਹਾਊਸ ਦੇ ਇਕ ਪ੍ਰੋਗਰਾਮ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਏ। ਭਾਰਤ ਦੇ ਪਾਰਸੀ ਡਾਕਟਰ ਜੇਰੀਨ ਰਾਓ ਤੇ ਜਹਾਂਗੀਰ ਨਰਿਓਸ਼ਾਂਗ ਰਾਓ ਦੇ ਘਰ ਡ੍ਰੈਟਾਇਟ ਵਿਚ ਜਨਮੀ ਨੇਓਮੀ ਰਾਓ ਸ਼੍ਰੀਨਿਵਾਸਨ ਦੇ ਬਾਅਦ ਦੂਜੀ ਭਾਰਤੀ-ਅਮਰੀਕੀ ਹੈ, ਜੋ ਸ਼ਕਤੀਸ਼ਾਲੀ ਅਦਾਲਤ ਦਾ ਹਿੱਸਾ ਬਣੀ ਹੈ। ਮੰਨਿਆ ਜਾਂਦਾ ਹੈ ਕਿ ਇਸ ਅਦਾਲਤ ਦੇ ਬਾਅਦ ਜ਼ਿਆਦਾ ਸ਼ਕਤੀਸ਼ਾਲੀ ਸਿਰਫ ਅਮਰੀਕੀ ਸੁਪਰੀਮ ਕੋਰਟ ਹੈ।

# ਮੈਲਬਰਨ ਦੇ ਗੁਰੂ ਘਰ ਵਿੱਚੋਂ ਗੋਲਕ ਚੋਰੀ

ਮੈਲਬਰਨ, 21 ਮਾਰਚ (ਪੋਸਟ ਬਿਊਰੋ)- ਇਥੇ ਗੁਰਦੁਆਰਾ ਸਾਹਿਬ ਟਾਰਲਿਟ 'ਚੋਂ ਕਿਸੇ ਵਿਅਕਤੀ ਵੱਲੋਂ ਗੋਲਕ ਚੋਰੀ ਕਰ ਲੈਣ ਦੀ ਖਬਰ ਆਈ ਹੈ, ਪਰ ਇਹ ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਆ ਗਈ ਹੈ। ਵਿਕਟੋਰੀਆ ਪੁਲਸ ਉਸ ਆਦਮੀ ਦੀ ਭਾਲ ਵਿੱਚ ਹੈ, ਜੋ ਸੀ ਸੀ ਟੀ ਵੀ, ਕੈਮਰਿਆਂ ਦੀ ਪ੍ਰਵਾਹ ਕੀਤੇ ਬਿਨਾਂ ਚੋਰੀ ਕਰ ਗਿਆ। ਇਹ ਘਟਨਾ ਤਿੰਨ ਹਫਤੇ ਪਹਿਲਾਂ ਵਾਪਰੀ ਸੀ ਅਤੇ ਕਾਰਵਾਈ ਦਾ ਇੰਤਜ਼ਾਰ ਕੀਤਾ ਜਾ ਰਿਹਾ ਸੀ। ਮਿਲੀ ਜਾਣਕਾਰੀ ਅਨੁਸਾਰ ਕੈਮਰਿਆਂ ਤੋਂ ਪਤਾ ਲੱਗਾ ਹੈ ਕਿ ਉਹ ਪਹਿਲਾਂ ਗੁਰੂ ਘਰ 'ਚ ਆਇਆ, ਉਸ ਨੇ ਮੱਥਾ ਟੇਕਿਆ ਤੇ ਉਸ ਤੋਂ ਬਾਅਦ ਗੋਲਕ ਚੁੱਕਣ ਦੀ ਕੋਸ਼ਿਸ਼ ਕੀਤੀ। ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸਹਾਇਕ ਸਕੱਤਰ ਨੇ ਦੱਸਿਆ ਕਿ ਫੋਟੋਜ ਤੋਂ ਉਹ ਸਾਡੇ ਭਾਈਚਾਰੇ ਦਾ ਲੱਗਦਾ ਹੈ। ਉਨ੍ਹਾਂ ਨੇ ਸਥਾਨਕ ਪੁਲਸ ਸਟੇਸ਼ਨ ਨੂੰ ਫੋਟੋਜ ਦਿੱਤੀਆਂ ਹਨ, ਜਿਸ ਵਿੱਚ ਉਸ ਦਾ ਕਣਕ-ਵੰਨਾ ਰੰਗ, ਕਾਲੇ ਵਾਲ 175 ਸੈਂਟੀਮੀਟਰ ਲੰਬਾ ਹੈ। ਉਸ ਨੇ ਗੁਰਦੁਆਰਾ ਸਾਹਿਬ ਦੇ ਬਾਹਰੋਂ ਗੋਲਕ ਚੁੱਕੀ, ਕਿਉਂਕਿ ਅੰਦਰ ਵਾਲੀ ਗੋਲਕ ਚੁੱਕਣ 'ਚ ਉਹ ਅਸਫਲ ਰਿਹਾ। ਉਸ ਤੋਂ ਬਾਅਦ ਉਹ ਖਾਲੀ ਕਰਕੇ ਗੋਲਕ ਵਾਪਸ ਵੀ ਰੱਖ ਗਿਆ। ਜਾਂਚ ਕਰਦੇ ਅਧਿਕਾਰੀਆਂ ਨੇ ਆਸ ਪ੍ਰਗਟਾਈ ਹੈ ਕਿ ਹੋ ਸਕਦਾ ਹੈ ਕਿ ਉਹ ਬੰਦਾ ਖੁਦ ਪੁਲਸ ਕੋਲ ਆ ਜਾਵੇ ਤੇ ਉਨ੍ਹਾਂ ਦੀ ਇਸ ਮਾਮਲੇ 'ਚ ਸਹਾਇਤਾ ਕਰ ਸਕੇ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
Special Flights to India and Pakistan
Special Packages to cuba, mexico
Online visa application (India)
Cruise Booking
Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance? Call today for best & low rates!
27 Rean Drive, Unit 11, Toronto, ON M2K 0A6

Honesty, Reliability, Commitment
HomeLife SilverCity
Hira Randhawa
Broker
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For: RESP, SUPER -VISA,& TRAVEL Insurance
H.Randhawa
416-319-0551

MICHELIN Hankook Continental ROADLUX BFGoodrich AEOLUS COMPASAL
Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਗੁਰਦਾਸਪੁਰ ਤੋਂ ਭਾਜਪਾ ਟਿਕਟ ਲਈ ਕਵਿਤਾ ਖੰਨਾ ਅਤੇ ਮਾਸਟਰ ਮੋਹਣ ਲਾਲ ਅਜੇ ਤੱਕ ਮੋਹਰੀ

ਜਲੰਧਰ, 21 ਮਾਰਚ (ਪੋਸਟ ਬਿਊਰੋ)- ਭਾਜਪਾ ਦੀ ਸੂਬਾ ਚੋਣ ਕਮੇਟੀ ਦੀ ਬੈਠਕ ਵਿੱਚ ਭਾਜਪਾ ਵੱਲੋਂ ਇਸ ਰਾਜ ਵਿੱਚ ਲੜੀਆਂ ਜਾ ਰਹੀਆਂ ਪਾਰਲੀਮੈਂਟ ਸੀਟਾਂ ਦੀ ਚਰਚਾ ਵਿੱਚ ਗੁਰਦਾਸਪੁਰ ਲੋਕ ਸਭਾ ਸੀਟ ਬਾਰੇ ਕੁਝ ਖਾਸ ਤੱਥ ਪਤਾ ਲੱਗੇ ਹਨ। ਪਤਾ ਲੱਗਾ ਹੈ ਕਿ ਗੁਰਦਾਸਪੁਰ ਸੀਟ ਲਈ ਸਾਬਕਾ ਮੰਤਰੀ ਮਾਸਟਰ ਮੋਹਣ ਲਾਲ ਦੇ ਨਾਂਅ ਉੱਤੇ ਗੰਭੀਰਤਾ ਨਾਲ ਪਾਰਟੀ ਹਾਈ ਕਮਾਨ ਵਿਚਾਰ ਕਰ ਰਹੀ ਹੈ। ਮੋਹਣ ਲਾਲ ਤੋਂ ਇਲਾਵਾ ਮੈਦਾਨ ਵਿੱਚ ਸਾਬਕਾ ਅਭਿਨੇਤਾ ਤੇ ਮਰਹੂਮ ਐੱਮ ਪੀ ਮੈਂਬਰ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ, ਉੱਪ ਚੋਣ ਲੜ ਚੁੱਕੇ ਭਾਜਪਾ ਨੇਤਾ ਸਵਰਨ ਸਲਾਰੀਆ ਅਤੇ ਸਾਬਕਾ ਵਿਧਾਇਕ ਅਸ਼ਵਨੀ ਸ਼ਰਮਾ ਦੇ ਨਾਂਅ



ਵੀ ਚੱਲ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਮਾਸਟਰ ਮੋਹਣ ਲਾਲ ਨੇ ਖਾੜਕੂਵਾਦ ਦੇ ਦੌਰਾਨ ਪਾਰਟੀ ਲਈ ਕਾਫੀ ਕੰਮ ਕੀਤਾ ਸੀ। ਓਦੋਂ ਉਨ੍ਹਾਂ ਨੇ ਡੇਰਾ ਬਾਬਾ ਨਾਨਕ ਤੋਂ ਦੁਨੇਰਾ ਤੱਕ ਪੈਦਲ ਯਾਤਰਾ ਕੀਤੀ ਅਤੇ ਮੁਲਾਜ਼ਮਾਂ ਦੇ ਹੱਕਾਂ ਲਈ ਪੰਜ ਸਾਲ ਤੱਕ ਜੇਲ੍ਹ ਕੱਟੀ ਸੀ। ਭਾਜਪਾ ਯੁਵਾ ਮੋਰਚਾ ਦੇ 1982 ਤੋਂ 1987 ਤੱਕ ਸੂਬਾ ਪ੍ਰਧਾਨ ਰਹੇ ਮਾਸਟਰ ਮੋਹਣ ਲਾਲ ਨੇ ਐਮਰਜੈਂਸੀ ਵੇਲੇ ਜੇਲ੍ਹ ਵੀ ਭੁਗਤੀ ਸੀ। ਇਸ ਵਾਰ ਗੁਰਦਾਸਪੁਰ ਲੋਕ ਸਭਾ ਚੋਣ ਲਈ ਮੋਹਣ ਲਾਲ ਨੇ ਟਿਕਟ ਮੰਗੀ ਹੈ। ਉਹ 1985, 1997 ਅਤੇ 2007 ਵਿੱਚ ਭਾਜਪਾ ਟਿਕਟ 'ਤੇ ਪਠਾਨਕੋਟ ਤੋਂ ਵਿਧਾਇਕ ਅਤੇ ਕੁਝ ਵਾਰ ਮੰਤਰੀ ਰਹੇ ਹਨ। ਦੂਸਰੇ ਪਾਸੇ ਵਿਨੋਧ ਖੰਨਾ ਦੀ ਪਤਨੀ ਕਵਿਤਾ ਖੰਨਾ ਇਸ ਖੇਤਰ ਦੇ ਲੋਕਾਂ ਵਿਚ ਰਹੀ ਹੈ। ਸਵਰਨ ਸਲਾਰੀਆ ਨੇ ਗੁਰਦਾਸਪੁਰ ਤੋਂ ਲੋਕ ਸਭਾ ਉੱਪ ਚੋਣ ਲੜੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੋਂ ਦੋ ਲੱਖ ਤੋਂ ਵੱਧ ਵੋਟਾਂ ਨਾਲ ਹਾਰ ਗਏ ਸਨ।

# ਮੈਂ ਕਾਂਗਰਸ ਦਾ ਵਫਾਦਾਰ ਸਿਪਾਹੀ, ਭਾਜਪਾ ਵੱਲ ਜਾਣ ਦੀ ਸੋਚਣਾ ਵੀ ਗੁਨਾਹ: ਬਾਜਵਾ

ਜਲੰਧਰ, 21 ਮਾਰਚ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਨੇਤਾ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਖਿਲਾਫ ਭਾਜਪਾ ਵਿੱਚ ਜਾਣ ਦੀਆਂ ਅਟਕਲਾਂ 'ਤੇ ਰੋਕ ਲਗਾਉਂਦੇ ਹੋਏ ਕਿਹਾ ਹੈ ਕਿ ਉਹ ਕਾਂਗਰਸ ਦੇ ਵਫਾਦਾਰ ਸਿਪਾਹੀ ਹਨ, ਭਾਜਪਾ ਵਿੱਚ ਜਾਣ ਬਾਰੇ ਸੋਚਣਾ ਵੀ ਉਨ੍ਹਾਂ ਲਈ ਗੁਨਾਹ ਹੈ।

ਇਸ ਸੰਬੰਧ ਵਿੱਚ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੇਰਾ ਪਰਵਾਰ ਸ਼ੁਰੂ ਤੋਂ ਕਾਂਗਰਸ ਦੀ ਵਿਚਾਰਧਾਰਾ ਨਾਲ ਰਿਹਾ ਅਤੇ ਕਾਂਗਰਸੀ ਸੋਚ ਨੂੰ ਅੱਗੇ ਪਹੁੰਚਾਇਆ ਹੈ, ਮੈਂ ਕਾਂਗਰਸ ਵਿੱਚ ਪੈਦਾ ਹੋਇਆ ਅਤੇ ਕਾਂਗਰਸ ਵਿੱਚ ਰਹਿੰਦੇ ਹੋਏ ਹੀ ਅੰਤਿਮ ਸਾਹ ਲਵਾਂਗਾ। ਵਰਨਣ ਯੋਗ ਹੈ ਕਿ ਪ੍ਰਤਾਪ



ਸਿੰਘ ਬਾਜਵਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਚਰਚੇ ਚੱਲ ਰਹੇ ਸਨ। ਇਸ ਬਾਰੇ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਾ ਆਧਾਰ ਖਤਮ ਹੋ ਚੁੱਕਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੁਮਲਿਆਂ ਨੂੰ ਲੋਕ ਚੰਗੀ ਤਰ੍ਹਾਂ ਜਾਣ ਚੁੱਕੇ ਹਨ। ਅਗਲੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਨੂੰ ਪੰਜਾਬ ਦੇ ਲੋਕ ਸ਼ੀਸ਼ਾ ਦਿਖਾਉਣ ਵਾਲੇ ਹੋਣ ਕਾਰਨ ਭਾਜਪਾ ਬੌਖਲਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਰਾਹੁਲ ਗਾਂਧੀ ਮੇਰੇ ਨੇਤਾ ਹਨ, ਮੈਂ ਉਨ੍ਹਾਂ ਦੇ ਫੈਸਲਿਆਂ ਨੂੰ ਨਾ ਕੇਵਲ ਮੰਨਾਂਗਾ, ਬਲਕਿ ਉਨ੍ਹਾਂ ਦਾ ਪਾਲਣ ਕਰਾਂਗਾ। ਉਨ੍ਹਾਂ ਦੱਸਿਆ ਕਿ 1978 ਵਿੱਚ ਉਨ੍ਹਾਂ ਨੇ ਰਾਜਨੀਤਕ ਕੈਰੀਅਰ ਜ਼ਿਲਾ ਯੂਥ ਕਾਂਗਰਸ ਦੀ ਅਗਵਾਈ ਤੋਂ ਸ਼ੁਰੂ ਕੀਤਾ ਤੇ 1982 ਵਿੱਚ ਪੰਜਾਬ ਯੁਵਾ ਕਾਂਗਰਸ ਦੇ ਪ੍ਰਧਾਨ ਰਹੇ। ਸਾਲ 1992, 1997, 2002 ਅਤੇ 2007 ਵਿੱਚ ਉਹ ਵਿਧਾਇਕ ਚੁਣੇ ਗਏ। ਉਹ ਪੰਜਾਬ ਸਰਕਾਰ ਵਿੱਚ ਮੰਤਰੀ ਵੀ ਰਹੇ ਅਤੇ 2009 ਵਿੱਚ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਬਣੇ ਸਨ।

## ਬੇਰੋਜ਼ਗਾਰੀ ਦੀ ਮਾਰ

# ਚਪੜਾਸੀ ਬਣਨ ਲਈ ਐਮ ਏ, ਬੀ ਐਡ ਪਾਸ ਵੱਲੋਂ ਅਰਜ਼ੀਆਂ

ਫਾਜ਼ਿਲਕਾ, 21 ਮਾਰਚ (ਪੋਸਟ ਬਿਊਰੋ)- ਏਥੇ ਜ਼ਿਲ੍ਹਾ ਕੋਰਟ ਕੰਪਲੈਕਸ ਦੇ ਚਪੜਾਸੀ ਦੀਆਂ 33 ਪੋਸਟਾਂ ਲਈ ਭਰਤੀ ਲਈ 10 ਹਜ਼ਾਰ ਤੋਂ ਵੱਧ ਨੌਜਵਾਨਾਂ ਨੇ ਅਰਜ਼ੀ ਦਿੱਤੀ ਹੈ, ਜਿਸ ਦੀ ਵਿਦਅਕ ਯੋਗਤਾ ਅੱਠਵੀਂ ਪਾਸ ਹੈ, ਪਰ ਐੱਮ ਏ, ਬੀ ਐੱਡ ਅਤੇ ਡਿਪਲੋਮਾ ਹੋਲਡਰਜ਼ ਨੇ ਚਪੜਾਸੀ ਬਣਨ ਲਈ ਅਪਲਾਈ ਕੀਤਾ ਹੈ।

ਵਰਨਣ ਯੋਗ ਹੈ ਕਿ ਸਭ ਤੋਂ ਹੇਠਲੇ ਅਹੁਦੇ ਸੇਵਾਦਾਰ ਲੱਗਣ ਲਈ ਪੰਜ ਮਾਰਚ ਤੱਕ ਅਰਜ਼ੀਆਂ ਮੰਗੇ ਜਾਣ ਪਿੱਛੋਂ 18 ਮਾਰਚ ਤੋਂ ਇੰਟਰਵਿਊ ਚੱਲ ਰਹੇ ਹਨ। ਪਹਿਲੇ ਦਿਨ ਦੋ ਹਜ਼ਾਰ, ਦੂਸਰੇ ਦਿਨ 1500 ਅਤੇ ਤੀਸਰੇ ਦਿਨ 1800 ਦੇ ਕਰੀਬ ਨੌਜਵਾਨਾਂ ਨੂੰ ਇੰਟਰਵਿਊ ਲਈ ਸੱਦਿਆ ਗਿਆ। ਇਸ ਪੋਸਟ ਲਈ ਪੰਜਾਬੀ ਬੋਲਣੀ ਤੇ ਲਿਖਣਾ ਆਉਣ ਦੇ ਨਾਲ ਅੱਠਵੀਂ ਪਾਸ ਹੋਣਾ ਜ਼ਰੂਰੀ ਹੈ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਹੁਕਮਾਂ ਹੇਠ 4900 ਤੋਂ 10600 ਰੁਪਏ ਦਾ ਗ੍ਰੇਡ ਮਿਲੇਗਾ। ਕੱਲ੍ਹ ਕੋਰਟ ਕੰਪਲੈਕਸ ਵਿੱਚ ਬੀ ਏ, ਐੱਮ ਏ, ਬੀ ਐੱਡ ਕਰਨ ਵਾਲੇ ਨੌਜਵਾਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਨਹੀਂ ਮਿਲੀਆਂ। ਇਸ ਕਾਰਨ ਉਨ੍ਹਾਂ ਨੂੰ ਵੀ ਕਿਤੋਂ ਨੌਕਰੀ ਦੀ ਸੂਚਨਾ ਮਿਲਦੀ ਹੈ ਤਾਂ ਉਹ ਉਸ ਅਪਲਾਈ ਕਰ ਦੇਂਦੇ ਹਨ।

# ਪਾਕਿ ਵਿੱਚ ਛੋਟੀ ਜਿਹੀ ਗੱਲੋਂ ਵਿਦਿਆਰਥੀ ਨੇ ਪ੍ਰੋਫੈਸਰ ਮਾਰਿਆ

ਇਸਲਾਮਾਬਾਦ, 21 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿਚ ਛੋਟੀ ਜਿਹੀ ਗੱਲ ਤੋਂ ਇਕ ਵਿਦਿਆਰਥੀ ਨੇ ਕਾਲਜ ਦੇ ਪ੍ਰੋਫੈਸਰ ਦੀ ਹੱਤਿਆ ਕਰ ਦਿੱਤੀ, ਜਿਸ ਤੋਂ ਹਰ ਕੋਈ ਹੈਰਾਨ ਹੈ। ਅਸਲ ਵਿਚ ਪ੍ਰੋਫੈਸਰ ਖਾਲਿਦ ਹਮੀਦ ਨੇ ਨਵੇਂ ਆਏ ਵਿਦਿਆਰਥੀਆਂ ਦੇ ਸਵਾਗਤ ਲਈ ਬਹਾਵਲਪੁਰ ਦੇ ਸਾਦਿਕ ਐਗਟਰਨ ਕਾਲਜ ਵਿਚ ਇਕ ਪਾਰਟੀ ਰੱਖੀ ਸੀ। ਇਹ ਪਾਰਟੀ ਅੱਜ (21 ਮਾਰਚ) ਹੋਣੀ ਸੀ, ਜਿੱਥੇ ਮੁੰਡੇ ਤੇ ਕੁੜੀਆਂ ਨੇ ਇਕੱਠਿਆਂ ਸ਼ਾਮਲ ਹੋਣਾ ਸੀ। ਇਸੇ ਕਾਰਨ ਦੋਸ਼ੀ ਵਿਦਿਆਰਥੀ ਖਤੀਬ ਹੁਸੈਨ ਭੜਕ ਪਿਆ ਤੇ ਉਸ ਨੇ ਪਾਰਟੀ ਨੂੰ ਗੈਰ ਇਸਲਾਮੀ ਦੱਸਿਆ। ਇਸ ਬਾਰੇ ਉਸ ਦੀ ਪ੍ਰੋਫੈਸਰ ਖਾਲਿਦ ਹਮੀਦ ਨਾਲ ਬਹਿਸ ਵੀ ਹੋਈ। 20 ਮਾਰਚ ਨੂੰ ਜਦੋਂ ਪ੍ਰੋਫੈਸਰ ਖਾਲਿਦ ਕਾਲਜ ਵਿਚ ਜਾ ਰਹੇ ਸਨ ਤਾਂ ਖਤੀਬ ਨੇ ਉਨ੍ਹਾਂ ਉੱਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਓਦੋਂ ਪ੍ਰੋਫੈਸਰ ਖਾਲਿਦ ਦਾ ਬੇਟਾ ਵਲੀਦ ਖਾਨ ਉਨ੍ਹਾਂ ਦੇ ਨਾਲ ਸੀ। ਉਸ ਨੇ ਦੱਸਿਆ, 'ਦੋਸ਼ੀ ਵਿਦਿਆਰਥੀ ਉਸ ਦੇ ਪਿਤਾ ਦੀ ਉਡੀਕ ਕਰ ਰਿਹਾ ਸੀ। ਜਦੋਂ ਉਹ ਆਪਣੇ ਦਫਤਰ ਜਾਣ ਲੱਗੇ ਤਾਂ ਖਾਲਿਦ ਨੇ ਉਨ੍ਹਾਂ ਦੇ ਸਿਰ ਅਤੇ ਪੇਟ ਉੱਤੇ ਚਾਕੂਆਂ ਨਾਲ ਹਮਲਾ ਕਰ



ਮੁਲਜ਼ਿਮ ਵਿਦਿਆਰਥੀ ਤੇ ਮ੍ਰਿਤਕ ਪ੍ਰੋਫੈਸਰ।

ਦਿੱਤਾ। ਪਿਤਾ ਜੀ ਬੇਹੋਸ਼ ਹੋ ਗਏ।' ਪ੍ਰੋਫੈਸਰ ਖਾਲਿਦ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਹਮਲਾਵਰ ਵਿਦਿਆਰਥੀ ਚੀਕ ਕੇ ਕਹਿਣ ਲੱਗਾ, 'ਮੈਂ ਉਸ ਨੂੰ ਮਾਰ ਦਿੱਤਾ। ਮੈਂ ਉਸ ਨੂੰ ਕਿਹਾ ਸੀ ਕਿ ਸਾਂਝੇ ਪ੍ਰੋਗਰਾਮ ਇਸਲਾਮ ਦੇ ਵਿਰੁੱਧ ਹਨ।' ਪੁਲਸ ਨੇ ਦੋਸ਼ੀ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ ਤੇ ਇਸ ਬਾਰੇ ਦਰਜ ਸ਼ਿਕਾਇਤ ਮੁਤਾਬਕ ਉਹ ਵਿਦਿਆਰਥੀ ਇਸ ਗੱਲੋਂ ਨਾਰਾਜ਼ ਸੀ ਕਿ ਮੁੰਡੇ-ਕੁੜੀਆਂ ਇਕੱਠੇ ਪਾਰਟੀ ਕਰ ਰਹੇ ਹਨ।

ਪਾਕਿਸਤਾਨ ਦੇ ਸਿੱਖਿਆ ਅਦਾਰਿਆਂ ਵਿਚ ਏਦਾਂ ਦੇ ਪ੍ਰੋਗਰਾਮ ਆਮ ਹਨ, ਪਰ ਇੱਥੇ ਵਿਦਿਆਰਥਣਾਂ ਉੱਤੇ ਕਾਫੀ ਪਾਬੰਦੀਆਂ ਹਨ। ਪ੍ਰਾਈਵੇਟ ਕਾਲਜਾਂ ਦੇ ਮੁਕਾਬਲੇ ਸਰਕਾਰੀ ਕਾਲਜਾਂ ਵਿਚ ਨਿਯਮ ਹੋਰ ਸਖਤ ਹਨ।

# ਮਾਇਆ ਨੇ ਪ੍ਰਧਾਨ ਮੰਤਰੀ ਲਈ ਦਾਅਵੇ ਦਾ ਇਸ਼ਾਰਾ ਕੀਤਾ

ਨਵੀਂ ਦਿੱਲੀ, 21 ਮਾਰਚ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਦੇ ਅਗਲੀਆਂ ਪਾਰਲੀਮੈਂਟ ਚੋਣਾਂ ਨਾ ਲੜਨ ਦੇ ਐਲਾਨ ਨੂੰ ਉਨ੍ਹਾਂ ਦੀ ਚੋਣਾਂ ਪਿੱਛੋਂ ਦੀ ਵੱਡੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

ਚੋਣਾਂ ਨਾ ਲੜਨ ਦੇ ਐਲਾਨ ਦੇ ਬਾਅਦ ਮਾਇਆਵਤੀ ਨੇ ਇਕ ਟਵੀਟ ਕੀਤਾ ਹੈ, ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਅਜੇ ਮੇਰੇ ਚੋਣਾਂ ਨਾ ਲੜਨ ਦੇ ਫੈਸਲੇ ਨਾਲ ਲੋਕਾਂ ਨੂੰ ਕੋਈ ਨਾਰਾਜ਼ਗੀ ਨਹੀਂ ਹੋਣੀ ਚਾਹੀਦੀ। ਜਿਵੇਂ 1995 ਵਿੱਚ ਜਦ ਮੈਂ ਪਹਿਲੀ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ ਸੀ, ਤਦ ਮੈਂ ਓਥੋਂ ਦੇ ਕਿਸੇ ਸਦਨ ਦੀ ਮੈਂਬਰ ਨਹੀਂ ਸੀ, ਓਦਾਂ ਹੀ ਕੇਂਦਰ ਵਿੱਚ ਵੀ ਪ੍ਰਧਾਨ ਮੰਤਰੀ ਜਾਂ ਮੰਤਰੀ ਨੂੰ ਛੇ ਮਹੀਨਿਆਂ ਦੇ ਅੰਦਰ ਲੋਕ ਸਭਾ ਜਾਂ ਰਾਜ ਸਭਾ ਦਾ ਮੈਂਬਰ ਬਣਨਾ ਹੁੰਦਾ ਹੈ, ਇਸ ਲਈ ਅਜੇ ਚੋਣਾਂ ਨਾ ਲੜਨ ਦੇ ਫੈਸਲੇ ਨਾਲ ਲੋਕਾਂ ਨੂੰ ਨਾਰਾਜ਼ਗੀ ਨਹੀਂ ਹੋਣੀ ਚਾਹੀਦੀ।

ਇਸ ਤੋਂ ਪਹਿਲਾਂ ਮਾਇਆਵਤੀ ਨੇ ਕਿਹਾ ਸੀ ਕਿ ਹੰਕਾਰੀ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਲਈ ਉੱਤਰ ਪ੍ਰਦੇਸ਼ ਵਿੱਚ ਗੱਠਜੋੜ ਕੀਤਾ ਗਿਆ ਹੈ, ਇਸ ਗੱਠਜੋੜ ਨੂੰ ਜ਼ਰਾ ਜਿੰਨਾ ਵੀ ਨੁਕਸਾਨ ਹੁੰਦਾ ਨਹੀਂ ਦੇਖਣਾ ਚਾਹੁੰਦੀ ਹਾਂ, ਇਸ ਲਈ ਮੇਰੇ ਖੁਦ ਦੇ ਜਿੱਤਣ ਨਾਲੋਂ ਵੱਧ ਜ਼ਰੂਰੀ ਇਕ-ਇਕ ਸੀਟ ਨੂੰ ਜਿੱਤਣਾ ਹੈ। ਮਾਇਆਵਤੀ ਨੇ ਕਿਹਾ ਸੀ, ਅੱਗੇ ਜਿੱਥੋਂ ਚਾਹਾਂ ਸੀਟ ਖਾਲਵੀ ਕਰਾ ਕੇ ਚੋਣ ਲੜ ਅਤੇ ਪਾਰਲੀਮੈਂਟ ਵਿੱਚ ਜਾ ਸਕਦੀ ਹਾਂ। ਮੇਰੇ ਚੋਣ ਲੜਨ ਉਤੇ ਵਰਕਰ ਮਨ੍ਹਾਂ ਕਰਨ ਦੇ ਬਾਵਜੂਦ ਮੇਰੀ ਲੋਕ ਸਭਾ ਸੀਟ 'ਤੇ ਪ੍ਰਚਾਰ ਕਰਨ ਜਾਣਗੇ, ਇਸ ਨਾਲ ਬਾਕੀ ਸੀਟਾਂ 'ਤੇ ਚੋਣਾਂ ਪ੍ਰਭਾਵਿਤ ਹੋਣਗੀਆਂ। ਮੈਂ ਇਸ ਵਜ੍ਹਾ ਨਾਲ ਇਹ ਫੈਸਲਾ ਲਿਆ ਹੈ ਕਿ ਖੁਦ ਚੋਣ ਹਾਲੇ ਨਹੀਂ ਲੜਾਂਗੀ।
















## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 । joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 । 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures. E -mail: matri.response2018@gmail. com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202




ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202







Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦ $29 per hr
◦ Experience: 3-5 years
◦ Education has to be secondary high school or equivalent experience
Email Resume at umar.w@cellntell.com



## ਜ਼ਾਬਤੇ ਦੀ ਉਲੰਘਣਾ ਕਾਰਨ ਚੰਦੂਮਾਜਰਾ ਨੂੰ ਦੂਜਾ ਨੋਟਿਸ ਜਾਰੀ

ਐਸ ਏ ਐਸ ਨਗਰ (ਮੁਹਾਲੀ), 21 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਬੀਤੇ ਦਿਨੀਂ ਇਥੋਂ ਨੇੜਲੇ ਪਿੰਡ ਚੱਪੜਚਿੜੀ ਵਿੱਚ ਰਾਤ ਵੇਲੇ ਲੋਕਾਂ ਦੇ ਘਰਾਂ ਦੀਆਂ ਕੰਧਾਂ ਉਤੇ 'ਸਾਡਾ ਐਮ ਪੀ ਸਾਡਾ ਮਾਣ' ਦੇ ਪੋਸਟਰ ਲਾਉਣ ਦਾ ਮਾਮਲਾ ਹਾਲੇ ਠੰਢਾ ਨਹੀਂ ਹੋਇਆ ਕਿ ਉਨ੍ਹਾ ਦੇ ਸਮਰਥਕਾਂ ਨੇ ਜ਼ਿਲਾ ਪ੍ਰਬੰਧਕੀ ਕੰਪਲੈਕਸ (ਡੀ ਸੀ ਕੰਪਲੈਕਸ) ਦੇ ਐਂਟਰੀ ਗੇਟ ਅਤੇ ਚਾਰਦੀਵਾਰੀ ਉੱਤੇ ਚੰਦੂਮਾਜਰਾ ਦੀ ਫੋਟੋ ਵਾਲੇ ਪੋਸਟਰ ਲਾ ਕੇ ਚੋਣ ਜ਼ਾਬਤੇ ਦੀ ਉਲੰਘਣਾ ਕਰ ਦਿੱਤੀ ਹੈ। ਇਸ ਪੋਸਟਰ ਉਤੇ 'ਸਾਡਾ ਐਮ ਪੀ ਸਾਡਾ ਮਾਣ' ਦੇ ਬੈਨਰ ਹੇਠ ਚੰਦੂਮਾਜਰਾ ਵੱਲੋਂ ਪਿਛਲੇ ਪੰਜ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਕੱਲ੍ਹ ਜ਼ਿਲਾ ਪ੍ਰਬੰਧਕੀ ਕੰਪਲੈਕਸ ਕੋਲੋਂ ਲੰਘਦੇ ਇੱਕ ਰਾਹਗੀਰ ਨੇ ਡੀ ਸੀ ਕੰਪਲੈਕਸ ਦੇ ਐਂਟਰੀ ਗੇਟ ਅਤੇ ਕੰਧ ਉਤੇ ਅਕਾਲੀ ਆਗੂ ਦੇ ਪੋਸਟਰ ਦੇਖੇ ਤਾਂ ਫੋਟੋ ਖਿੱਚ ਕੇ ਡਿਪਟੀ ਕਮਿਸ਼ਨਰ-ਕਮ-ਜ਼ਿਲਾ ਚੋਣ ਅਫਸਰ ਨੂੰ ਵਟਸਐਪ 'ਤੇ ਭੇਜ ਦਿੱਤੀਆਂ। ਡਿਪਟੀ ਕਮਿਸ਼ਨਰ ਗੁਰਪ੍ਰੀਤ ਕੌਰ ਸਪਰਾ ਦੀ ਹਦਾਇਤ 'ਤੇ ਦਫਤਰੀ ਸਟਾਫ ਨੇ ਪੋਸਟਰ ਉਤਾਰ ਦਿੱਤੇ ਅਤੇ ਫਿਰ ਮੁਹਾਲੀ ਦੇ ਐਸ ਡੀ ਐਮ-ਕਮ-ਸਹਾਇਕ ਚੋਣ ਅਧਿਕਾਰੀ ਜਗਦੀਪ ਸਹਿਗਲ ਨੇ ਦੱਸਿਆ ਕਿ ਇਸ ਸਬੰਧੀ ਚੰਦੂਮਾਜਰਾ ਨੂੰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਤੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦਾ ਨੋਟਿਸ ਦਿੱਤਾ ਗਿਆ ਹੈ। ਅਕਾਲੀ ਦਲ (ਬ) ਦੇ ਹਲਕਾ ਮੁਹਾਲੀ ਦੇ ਇੰਚਾਰਜ ਕੈਪਟਨ ਤੇਜਿੰਦਰਪਾਲ ਸਿੰਘ ਸਿੱਧੂ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਦੁਬਾਰਾ ਅਜਿਹਾ ਨਹੀਂ ਹੋਵੇਗਾ।

## ਕੰਗਾਲ ਹੋਇਆ ਪਾਕਿ ਸਰਕਾਰੀ ਜਾਇਦਾਦ ਵੇਚ ਕੇ ਕਰਜ਼ਾ ਲਾਹੁਣ ਦੇ ਯਤਨ ਕਰੇਗਾ

ਇਸਲਾਮਾਬਾਦ, 21 ਮਾਰਚ (ਪੋਸਟ ਬਿਊਰੋ)- ਅੰਤਰਰਾਸ਼ਟਰੀ ਅੱਤਵਾਦ ਦਾ ਕੇਂਦਰ ਬਣ ਕੇ ਪਾਕਿਸਤਾਨ ਕੰਗਾਲ ਵੀ ਹੋ ਗਿਆ ਹੈ। ਹਾਲ ਇਹ ਹੈ ਕਿ ਕਰਜ਼ਾ ਚੁਕਾਉਣ ਲਈ ਉਸ ਕੋਲ ਪੈਸੇ ਨਹੀਂ। ਵਧਦੇ ਕਰਜ਼ ਨੂੰ ਚੁਕਾਉਣ ਲਈ ਉਸ ਨੇ ਸਰਕਾਰੀ ਜਾਇਦਾਦਾਂ ਵੇਚਣ ਦਾ ਫੈਸਲਾ ਕੀਤਾ ਹੈ। ਮੀਡੀਆ ਦੀ ਇਕ ਰਿਪੋਰਟ ਮੁਤਾਬਕ ਪਾਕਿਸਤਾਨ 'ਤੇ ਇਸ ਸਮੇਂ 27 ਖਰਬ ਪਾਕਿਸਤਾਨੀ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਇਸ ਨੂੰ ਦੇਖ ਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਿੱਚ ਬੀਤੇ ਦਿਨੀਂ ਹੋਈ ਕੈਬਨਿਟ ਬੈਠਕ 'ਚ ਕੇਂਦਰੀ ਮੰਤਰਾਲਿਆਂ ਦੀਆਂ ਵਰਤਣ ਬਿਨਾਂ ਪਈਆਂ ਜਾਇਦਾਦਾਂ ਵੇਚ ਕੇ ਪੈਸਾ ਇਕੱਠਾ ਕਰਨ ਦਾ ਫੈਸਲਾ ਕੀਤਾ ਗਿਆ ਹੈ, ਤਾਂ ਜੋ ਮਾਲੀਆ ਇਕੱਠਾ ਕੀਤਾ ਅਤੇ ਅਰਥਚਾਰੇ ਨੂੰ ਲਹਿ ਉੱਤੇ ਲਿਆਂਦਾ ਜਾ ਸਕੇ। ਦੇਸ਼ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਕਿਹਾ ਕਿ ਮੰਤਰਾਲਿਆਂ ਐ ਉਨ੍ਹਾਂ ਨਾਲ ਸਬੰਧਤ ਵਿਭਾਗਾਂ ਦੀਆਂ ਉਨ੍ਹਾਂ ਜਾਇਦਾਦਾਂ ਦੀ ਵਿਕਰੀ ਕੀਤੀ ਜਾਵੇਗੀ, ਜਿਨ੍ਹਾਂ ਦਾ ਇਸਤੇਮਾਲ ਨਹੀਂ ਕੀਤਾ




ਜਾ ਰਿਹਾ। 'ਡਾਨ' ਅਖਬਾਰ ਨੇ ਫਵਾਦ ਚੌਧਰੀ ਦੇ ਜ਼ਿਕਰ ਨਾਲ ਲਿਖਿਆ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਤਰਾਲਿਆਂ ਤੋਂ ਇਨ੍ਹਾਂ ਸਭ ਜਾਇਦਾਦਾਂ ਦਾ ਵੇਰਵਾ ਮੰਗਿਆ ਗਿਆ ਹੈ, ਜਿਨ੍ਹਾਂ ਨੂੰ ਵੇਚਿਆ ਜਾ ਸਕਦਾ ਹੈ। ਚੌਧਰੀ ਨੇ ਕਿਹਾ ਕਿ ਮੰਤਰਾਲਿਆਂ ਨੇ ਪਹਿਲਾਂ ਹੀ ਆਪਣੀ ਜਾਇਦਾਦਾਂ ਦਾ ਵੇਰਵਾ ਬਣਾ ਲਿਆ ਸੀ ਅਤੇ ਉਸ ਨੂੰ ਕੈਬਨਿਟ ਨੂੰ ਭੇਜ ਦੇਣਗੇ। ਮੰਤਰੀ ਨੇ ਕਿਹਾ ਕਿ ਇਨ੍ਹਾਂ ਜਾਇਦਾਦਾਂ ਦੀ ਵਿਕਰੀ ਲਈ ਬਰਾਬਰ ਨੀਤੀ ਵਰਤੀ ਜਾਵੇਗੀ। ਜਾਇਦਾਦਾਂ ਦੀ ਵਿਕਰੀ 'ਚ ਤੇਜ਼ੀ ਲਿਆਉਣ ਲਈ ਪ੍ਰਧਾਨ ਮੰਤਰੀ ਦੇ ਨਿਰਦੇਸ਼ਾਂ ਉੱਤੇ ਨਿੱਜੀਕਰਨ ਮੰਤਰਾਲੇ ਵੱਲੋਂ ਇੱਕ ਸਮੀਖਿਆ ਪ੍ਰਬੰਧ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਕਮੇਟੀ ਨੂੰ ਵਿਕਰੀ ਲਈ 45 ਹਜ਼ਾਰ ਬਿਨਾਂ ਵਰਤੋਂ ਵਾਲੀਆਂ ਸਭ ਜਾਇਦਾਦਾਂ ਦਾ ਵੇਰਵਾ ਮਿਲਿਆ ਹੈ, ਜਿਨ੍ਹਾਂ 'ਚੋਂ ਜ਼ਿਆਦਾਤਰ ਝਗੜੇ ਵਾਲੀਓਂ ਹਨ। ਰਿਪੋਰਟ ਮੁਤਾਬਕ ਸਾਰੇ ਨਿਯਮਾਂ 'ਚ ਛੋਟ ਦਿੱਤੇ ਜਾਣ ਦੇ ਬਾਵਜੂਦ ਸਰਕਾਰੀ ਜਾਇਦਾਦਾਂ ਦੀ ਪਹਿਲੀ ਵਿਕਰੀ ਦੀ ਪ੍ਰਕਿਰਿਆ ਪੂਰੀ ਹੋਣ ਵਿੱਚ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਲੱਗੇਗਾ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਿਛਲੇ ਸਾਲ ਸਤੰਬਰ 'ਚ ਸੁਝਾਅ ਦਿੱਤਾ ਸੀ ਕਿ ਐਵੇਂ ਪਈ ਹਜ਼ਾਰਾਂ ਏਕੜ 'ਮ੍ਰਿਤਕ ਪੂੰਜੀ' ਨੂੰ ਜ਼ਰੂਰੀ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਆਰਥਿਕ ਕੰਗਾਲੀ 'ਚ ਫਸੇ ਪਾਕਿਸਤਾਨ ਨੂੰ ਸਾਊਦੀ ਅਰਬ ਅਤੇ ਯੂ ਏ ਈ ਤੋਂ ਕੁਝ ਵਿੱਤੀ ਮਦਦ ਮਿਲੀ ਹੈ। ਚੀਨ ਵੀ ਉਥੇ ਭਾਰੀ ਨਿਵੇਸ਼ ਕਰ ਰਿਹਾ ਹੈ।

## ਹਿਰਾਸਤ ਵਿੱਚ ਔਰਤ ਦੀ ਮੌਤ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਹੁਕਮ

ਚੰਡੀਗੜ੍ਹ, 21 ਮਾਰਚ (ਪੋਸਟ ਬਿਊਰੋ)- ਕਰੀਬ ਡੇਢ ਸਾਲ ਪਹਿਲਾਂ ਲੁਧਿਆਣਾ ਪੁਲਸ ਦੀ ਹਿਰਾਸਤ ਵਿੱਚ ਹੋਈ 29 ਸਾਲਾ ਔਰਤ ਦੀ ਮੌਤ ਬਾਰੇ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਤੋਂ ਜਾਂਚ ਕਰਾਉਣ ਦੇ ਹੁਕਮ ਜਾਰੀ ਕਰ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਿੰਨ ਮਹੀਨੇ ਵਿੱਚ ਇਸ ਦੀ ਜਾਂਚ ਰਿਪੋਰਟ ਮੰਗੀ ਹੈ।

ਜਸਟਿਸ ਅਰਵਿੰਦ ਸਿੰਘ ਸਾਂਗਵਾਨ ਦੀ ਬੈਂਚ ਨੇ ਮ੍ਰਿਤਕਾ ਰਮਨਦੀਪ ਕੌਰ ਦੇ ਮੰਗੇਤਰ ਮੁਕੁਲ ਗਰਗ ਦੀ ਅਰਜ਼ੀ ਉੱਤੇ ਹੁਕਮ ਦਿੱਤਾ ਹੈ ਕਿ ਇਸ ਐੱਸ ਆਈ ਟੀ ਦੀ ਅਗਵਾਈ ਘੱਟੋ-ਘੱਟ ਡੀ ਜੀ ਪੀ ਰੈਂਕ ਦੇ ਅਧਿਕਾਰੀ ਕਰੇ ਤੇ ਇਸ ਦੇ ਮੈਂਬਰਾਂ ਵਿੱਚ ਐਡੀਸ਼ਨਲ ਐੱਸ ਪੀ ਅਤੇ ਸਹਾਇਕ ਐੱਸ ਪੀ ਰੈਂਕ ਦੇ ਅਧਿਕਾਰ ਸ਼ਾਮਲ ਕੀਤਾ ਜਾਏ।

ਵਰਨਣ ਯੋਗ ਹੈ ਕਿ ਰਮਨਦੀਪ ਦੀ ਮੌਤ ਨੂੰ ਪੁਲਸ ਜ਼ਿਆਦਤੀਆਂ ਦਾ ਨਤੀਜਾ ਦੱਸ ਕੇ ਉਸ ਦੇ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਵਾਲੇ ਮੁਕੁਲ ਨੇ ਅਰਜ਼ੀ ਦੇ ਕੇ ਕਿਹਾ ਸੀ ਕਿ ਲੁਧਿਆਣਾ ਦੇ ਡੁਗਰੀ ਥਾਣੇ ਵਿੱਚ ਕੀਤੇ ਟਾਰਚਰ ਦੇ ਕਾਰਨ ਰਮਨਦੀਪ ਦੀ ਮੌਤ ਹੋਈ ਸੀ। ਉਹ ਰਮਨਦੀਪ ਕੌਰ ਨਾਲ ਕਰੀਬ 10 ਸਾਲਾਂ ਤੋਂ ਰਹਿ ਰਿਹਾ ਸੀ। ਲੁਧਿਆਣਾ ਦੀ ਪੁਲਸ ਨੇ ਅਗਸਤ 2017 ਵਿੱਚ ਏ ਟੀ ਐੱਮ ਫਰਾਡ ਦੇ ਕੇਸ ਵਿੱਚ ਉਸ ਨੂੰ ਅਤੇ ਰਮਨਦੀਪ ਕੌਰ ਨੂੰ ਗ੍ਰਿਫਤਾਰ ਕਰ ਕੇ ਪੁੱਛਗਿੱਛ ਦੌਰਾਨ ਉਨ੍ਹਾਂ ਨਾਲ ਕੁੱਟਮਾਰ ਕੀਤੀ ਸੀ। ਇਸ ਟਾਰਚਰ ਕਾਰਨ ਚਾਰ ਅਤੇ ਪੰਜ ਅਗਸਤ ਦੀ ਰਾਤ ਰਮਨਦੀਪ ਕੌਰ ਦੀ ਮੌਤ ਹੋ ਗਈ। ਪੁਲਸ ਰਮਨਦੀਪ ਦੀ ਹਾਲਤ ਵਿਗੜਨ ਉੱਤੇ ਉਸ ਨੂੰ ਬੱਗਾ ਨਰਸਿੰਗ ਹੋਮ ਲੈ ਗਈ ਅਤੇ ਫਿਰ ਅੱਧੀ ਰਾਤ ਹੀ ਉਸ ਦੀ ਮੌਤ ਬਾਰੇ ਸਿਵਲ ਹਸਪਤਾਲ ਲਿਜਾ ਕੇ ਮੈਡੀਕਲ ਲੀਗਲ ਰਿਪੋਰਟ ਬਣਵਾ ਲਈ ਤੇ ਰਮਨਦੀਪ ਕੌਰ ਦੇ ਪਰਵਾਰ ਨੂੰ ਦੱਸ ਬਿਨਾਂ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਸੀ।

## ਚੀਨ ਦੇ ਬੈਲਟ ਐਂਡ ਰੋਡ ਫੋਰਮ ਵਿੱਚ ਭਾਰਤ ਹਿੱਸਾ ਨਹੀਂ ਲਵੇਗਾ

ਬੀਜਿੰਗ , 21 ਮਾਰਚ (ਪੋਸਟ ਬਿਊਰੋ)- ਭਾਰਤ ਨੇ ਚੀਨ ਦੇ ਬੈਲਟ ਐਂਡ ਰੋਡ ਫੋਰਮ ਵਿੱਚ ਹਿੱਸਾ ਨਾ ਲੈਣ ਦਾ ਸੰਕੇਤ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਕੋਈ ਵੀ ਦੇਸ਼ ਉਸ ਪਹਿਲ ਦਾ ਹਿੱਸਾ ਨਹੀਂ ਬਣ ਸਕਦਾ, ਜਿਸ ਵਿੱਚ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਨਾਲ ਜੁੜੀਆਂ ਉਸ ਦੀਆਂ ਚਿੰਤਾਵਾਂ ਦੀ ਅਣਦੇਖੀ ਹੋਵੇ।




ਵਿਵਾਦ ਵਾਲੇ 'ਚੀਨ ਪਾਕਿਸਤਾਨ ਆਰਥਿਕ ਕਾਰੀਡੋਰ' (ਸੀ ਪੀ ਈ ਸੀ) ਦੇ ਮੁੱਦੇ ਉਤੇ ਵਿਰੋਧ ਪ੍ਰਗਟਾਉਂਦੇ ਹੋਏ ਭਾਰਤ ਨੇ 2017 ਵਿੱਚ ਹੋਏ ਪਹਿਲੇ ਬੈਲਟ ਐਂਡ ਰੋਡ ਫੋਰਮ (ਬੀ ਆਰ ਐਫ) ਦਾ ਵੀ ਬਾਈਕਾਟ ਕੀਤਾ ਸੀ। ਪਿੱਛੇ ਜਿਹੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਕਿਹਾ ਸੀ ਕਿ ਅਗਲੇ ਮਹੀਨੇ ਹੋਣ ਵਾਲਾ ਬੀ ਆਰ ਐਫ ਦਾ ਦੂਜਾ ਐਡੀਸ਼ਨ ਪਹਿਲਾਂ ਤੋਂ ਵੱਡਾ ਹੋਵੇਗਾ। ਇਸ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੀ ਹੋਣਗੇ। ਸੀ ਪੀ ਈ ਸੀ ਪ੍ਰਾਜੈਕਟ ਬਾਰੇ ਭਾਰਤ ਪਹਿਲਾਂ ਤੋਂ ਬਾਈਕਾਟ ਕਰਦਾ ਰਿਹਾ ਹੈ। ਇਸ ਪ੍ਰਾਜੈਕਟ ਦੇ ਨਾਲ ਚੀਨ ਆਪਣੇ ਸ਼ਿਨਜਿਆਂਗ ਸੂਬੇ ਨੂੰ ਪਾਕਿਸਤਾਨ ਦੇ ਗਵਾਦਰ ਬੰਦਰਗਾਹ ਨਾਲ ਜੋੜੇਗਾ ਅਤੇ ਏਥੋਂ ਸੜਕ, ਰੇਲ, ਗੈਸ ਅਤੇ ਤੇਲ ਪਾਈਪਲਾਈਨ ਵਿਛਾਈ ਜਾਵੇਗੀ। ਇਹ ਗਲਿਆਰਾ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਤੋਂ ਲੰਘੇਗਾ। ਭਾਰਤ ਨੇ ਇਸ 'ਤੇ ਇਤਰਾਜ਼ ਕੀਤਾ ਹੈ।

ਚੀਨ ਵਿੱਚ ਭਾਰਤ ਦੇ ਰਾਜਦੂਤ ਵਿਕਰਮ ਮਿਸਰੀ ਨੇ ਕਿਹਾ ਕਿ ਕੁਨੈਕਟੀਵਿਟੀ ਦੀ ਹਰ ਪਹਿਲ ਇਹੋ ਜਿਹੀ ਹੋਣੀ ਚਾਹੀਦੀ ਹੈ, ਜਿਸ ਵਿੱਚ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ, ਸਮਾਨਤਾ ਤੇ ਖੇਤਰੀ ਅਖੰਡਤਾ ਦਾ ਧਿਆਨ ਰੱਖਿਆ ਜਾਵੇ। ਕੋਈ ਦੇਸ਼ ਅਜਿਹੀ ਪਹਿਲ ਦਾ ਹਿੱਸਾ ਨਹੀਂ ਬਣ ਸਕਦਾ, ਜਿਥੇ ਇਨ੍ਹਾਂ ਹਿੱਤਾਂ ਦੀ ਅਣਦੇਖੀ ਹੋਵੇ। ਮਿਸਰੀ ਨੇ ਕਿਹਾ ਕਿ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ ਆਰ ਆਈ) 'ਤੇ ਭਾਰਤ ਦਾ ਰੁਖ਼ ਸਾਫ ਹੈ। ਅਮਰੀਕਾ ਸਮੇਤ ਕਈ ਹੋਰ ਦੇਸ਼ਾਂ ਨੇ ਇਸ ਉੱਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਕਾਰਨ ਕਈ ਛੋਟੇ ਦੇਸ਼ ਕਰਜ਼ ਦੇ ਜਾਲ ਵਿੱਚ ਫਸ ਜਾਣਗੇ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Free Blood Pressure Machine for Seniors
*Some conditions apply
ਫਰੀ ਡਲੀਵਰੀ - Free Delivery
Ph: 905-454-2000
51 Mcmurchy Ave (S) Brampton, ON L6Y 1Y5
Near Queen St (W) & Main st (S)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ੁਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੁਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਕੀ ਲੋਕ ਮੋਦੀ ਨੂੰ ਇੱਕ ਹੋਰ ਮੌਕਾ ਦੇਣਗੇ



-ਕਲਿਆਣੀ ਸ਼ੰਕਰ-

ਚੋਣਾਂ ਨੇੜੇ ਆਉਂਦਿਆਂ ਹੀ ਜਿੱਤਣ ਵਾਸਤੇ ਕਈ ਅਹਿਮ ਮੁੱਦਿਆਂ ਉਤੇ ਚਰਚਾ ਸ਼ੁਰੂ ਹੋ ਜਾਂਦੀ ਹੈ। ਇਹ ਮੁੱਦੇ ਵੋਟਰਾਂ ਨੂੰ ਪ੍ਰਭਾਵਤ ਕਰਦੇ ਹਨ, ਪਰ ਇਹ ਸਥਾਈ ਨਹੀਂ ਹੁੰਦੇ, ਕਿਉਂਕਿ ਉਸ ਸਮੇਂ ਵਿਸ਼ੇਸ਼ ਵਿੱਚ ਸਿਆਸੀ ਮਾਹੌਲ ਅਨੁਸਾਰ ਮੁੱਦੇ ਬਦਲਦੇ ਰਹਿੰਦੇ ਹਨ। ਹਰ ਵਾਰ ਦੀਆਂ ਚੋਣਾਂ ਵਾਂਗ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਵੀ ਕੁਝ ਅਹਿਮ ਮੁੱਦੇ ਸਾਹਮਣੇ ਆਏ ਹਨ। ਮਿਸਾਲ ਵਜੋਂ ਇਨ੍ਹਾਂ ਚੋਣਾਂ ਵਿੱਚ 'ਮੋਦੀ ਫੈਕਟਰ' ਵੱਡੀ ਭੂਮਿਕਾ ਨਿਭਾਏਗਾ ਕਿਉਂਕਿ ਇਸ ਫੈਕਟਰ ਦਾ ਕਾਫੀ ਪ੍ਰਭਾਵ ਰਹੇਗਾ। ਭਾਜਪਾ ਦਾ ਮੰਨਣਾ ਹੈ ਕਿ 'ਮੋਦੀ ਮੈਜਿਕ' ਇਸ ਵਾਰ ਵੀ ਕੰਮ ਕਰੇਗਾ। 2014 ਵਿੱਚ ਮੋਦੀ ਲੋਕਾਂ ਲਈ ਨਵੇਂ ਸਨ। ਪੰਜ ਸਾਲ ਲੋਕਾਂ ਨੇ ਉਨ੍ਹਾਂ ਨੂੰ ਦੇਖਿਆ, ਸੁਣਿਆ ਤੇ ਉਨ੍ਹਾਂ ਦੇ ਕੰਮਾਂ ਨੂੰ ਜਾਂਚਿਆ ਹੈ। ਇਸ ਦਰਮਿਆਨ ਸੱਤਾ ਵਿਰੋਧੀ ਲਹਿਰ ਮੋਦੀ ਦੇ ਵਿਰੁੱਧ ਜਾ ਸਕਦੀ ਹੈ ਕਿਉਂਕਿ ਉਨ੍ਹਾਂ ਦਾ ਰਿਪੋਰਟ ਕਾਰਡ ਬਹੁਤ ਚੰਗਾ ਨਹੀਂ। ਕੁੱਲ ਮਿਲਾ ਕੇ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਲੋਕ ਮੋਦੀ ਨੂੰ ਇੱਕ ਹੋਰ ਮੌਕਾ ਦੇਣ ਲਈ ਤਿਆਰ ਹਨ?

ਪ੍ਰਿਅੰਕਾ ਗਾਂਧੀ ਵਾਡਰਾ, ਜੋ ਪਿੱਛੇ ਜਿਹੇ ਸਰਗਰਮ ਸਿਆਸਤ ਵਿੱਚ ਉਤਰੀ ਹੈ, ਵੀ ਇੱਕ ਫੈਕਟਰ ਵਜੋਂ ਉਭਰ ਕੇ ਸਾਹਮਣੇ ਆਈ ਹੈ। ਉਸ ਬਾਰੇ ਨਵਾਂਪਣ, ਬਿਨਾਂ ਪਰਖਿਆ ਗੁਣ, ਉਸ ਦੇ ਬੋਲਣ ਦਾ ਅੰਦਾਜ਼ ਤੇ ਉਸ ਦੀ ਸ਼ਖਸੀਅਤ ਤੋਂ ਇਲਾਵਾ ਉਸ ਦਾ ਗਾਂਧੀ ਪਰਵਾਰ ਨਾਲ ਜੁੜੀ ਹੋਣਾ ਵੀ ਭੂਮਿਕਾ ਨਿਭਾਅ ਸਕਦਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪ੍ਰਿਅੰਕਾ ਦਾ ਪ੍ਰਭਾਵ ਸੀਮਿਤ ਰਹੇਗਾ ਕਿਉਂਕਿ ਸਿਆਸੀ ਗਿਣਤੀ ਜਾਤ-ਪਾਤ ਦੀ ਸਿਆਸਤ ਤੇ ਗਠਜੋੜ ਦੀਆਂ ਚੁਣੌਤੀਆਂ ਪ੍ਰਿਅੰਕਾ ਦਾ ਰਾਹ ਮੁਸ਼ਕਲ ਕਰਨਗੀਆਂ। ਇਸ ਤੋਂ ਇਲਾਵਾ ਉਹ ਦੇਰ ਨਾਲ ਸਿਆਸੀ ਮੈਦਾਨ ਵਿੱਚ ਆਈ ਹੈ।

ਬਸਪਾ ਸੁਪਰੀਮੋ ਮਾਇਆਵਤੀ ਦਹਾਕਿਆਂ ਤੋਂ ਸਿਆਸਤ ਵਿੱਚ ਹੈ, ਪਰ ਇਸ ਵਾਰ ਉਹ ਵੱਡਾ ਫੈਕਟਰ ਬਣ ਗਈ ਹੈ ਕਿਉਂਕਿ ਬਸਪਾ ਨੂੰ ਐਤਕੀਂ 'ਵੱਡਾ ਖਿਡਾਰੀ' ਮੰਨਿਆ ਜਾ ਰਿਹਾ ਹੈ। ਬਹੁਤ ਸਾਰੀਆਂ ਪਾਰਟੀਆਂ ਮਾਇਆਵਤੀ ਨਾਲ ਹੱਥ ਮਿਲਾਉਣ ਦੀਆਂ ਚਾਹਵਾਨ ਹਨ ਕਿਉਂਕਿ ਬਸਪਾ ਦੀਆਂ ਵੋਟਾਂ ਟਰਾਂਸਫਰ ਹੁੰਦੀਆਂ ਹਨ। ਯੂ ਪੀ ਵਿੱਚ ਗੱਠਜੋੜ ਨੂੰ ਚੰਗੀਆਂ ਸੀਟਾਂ ਮਿਲ ਗਈਆਂ ਤਾਂ ਲੰਗੜੀ ਲੋਕ ਸਭਾ ਬਣਨ ਦੀ ਸਥਿਤੀ 'ਚ ਉਹ ਕਿੰਗਮੇਕਰ ਭੂਮਿਕਾ ਨਿਭਾ ਸਕਦੀ ਹੈ। ਇਸ ਤੋਂ ਇਲਾਵਾ ਮਾਇਆਵਤੀ ਨੇ ਪ੍ਰਧਾਨ ਮੰਤਰੀ ਦੀ ਇੱਛਾ ਵੀ ਪਾਲੀ ਹੋਈ ਹੈ।

ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਜੇਲ੍ਹ ਵਿੱਚ ਕੈਦ ਦੀ ਸਜ਼ਾ ਕੱਟ ਰਹੇ ਹਨ। ਇਸ ਦੇ ਬਾਵਜੂਦ ਉਹ ਬਿਹਾਰ ਵਿੱਚ ਵੱਡੇ ਖਿਡਾਰੀ ਹਨ। ਬਿਹਾਰ ਤੋਂ ਮਿਲੀ ਫੀਡਬੈਕ ਅਨੁਸਾਰ ਜੇਲ੍ਹ ਦੀ ਸਜ਼ਾ ਨੇ ਲਾਲੂ ਵੱਲ ਲੋਕਾਂ 'ਚ ਹਮਦਰਦੀ ਪੈਦਾ ਕੀਤੀ ਹੈ ਤੇ ਇਸ ਹਮਦਰਦੀ ਨੂੰ ਉਹ ਕਾਂਗਰਸ ਨਾਲ ਗੱਠਜੋੜ ਦੇ ਪੱਖ 'ਚ ਕੈਸ਼ ਕਰਨਾ ਚਾਹੁੰਦੇ ਹਨ।

ਕੌਮੀ ਸੁਰੱਖਿਆ ਦਾ ਮੁੱਦਾ ਵੀ ਬੜਾ ਅਹਿਮ ਹੈ, ਜਿਸ ਦਾ ਲਾਭ ਭਾਜਪਾ ਇਨ੍ਹਾਂ ਚੋਣਾਂ ਵਿੱਚ ਲੈਣਾ ਚਾਹੇਗੀ ਕਿਉਂਕਿ ਪੁਲਵਾਮਾ ਹਮਲੇ ਅਤੇ ਉਸ ਦੇ ਜਵਾਬ ਵਿੱਚ ਬਾਲਾਕੋਟ ਏਅਰ ਸਟ੍ਰਾਈਕ ਭਾਜਪਾ ਦੇ ਪ੍ਰਚਾਰ ਮੁਹਿੰਮ ਦੀ ਮੁੱਖ ਧੁਰੀ ਬਣ ਗਈ ਹੈ। ਭਾਜਪਾ ਲਈ ਇਸ ਮੁੱਦੇ ਨੂੰ ਅਗਲੇ ਦੋ ਮਹੀਨਿਆਂ ਤੱਕ ਢੁੱਕਵਾਂ ਬਣਾਈ ਰੱਖਣਾ ਔਖਾ ਹੋਵੇਗਾ ਕਿਉਂਕਿ ਵਿਰੋਧੀ ਧਿਰ ਬੇਰੋਜ਼ਗਾਰੀ, ਨੋਟਬੰਦੀ, ਜੀ ਐਸ ਟੀ, ਖੇਤੀਬਾੜੀ ਸੰਕਟ ਆਦਿ ਮੂਲ ਮੁੱਦਿਆਂ ਨੂੰ ਵਾਪਸ ਲਿਆਉਣਾ ਚਾਹੁੰਦੀ ਹੈ।

ਦਿਹਾਤੀ ਖੇਤਰ ਵਿੱਚ ਨਿਰਾਸ਼ਾ ਦਾ ਮਾਹੌਲ ਵੀ ਇੱਕ ਮੁੱਦਾ ਹੈ। ਭਾਜਪਾ ਨੂੰ ਸ਼ਹਿਰੀ ਪਾਰਟੀ ਵਜੋਂ ਜਾਣਿਆ ਜਾਂਦਾ ਹੈ, ਪਰ 2014 ਦੀਆਂ ਚੋਣਾਂ ਵਿੱਚ ਦਿਹਾਤੀ ਲੋਕਾਂ ਨੇ ਮੋਦੀ ਦੇ ਪੱਖ 'ਚ ਵੋਟ ਦੇ ਕੇ ਭਾਜਪਾ ਨੂੰ ਜਿਤਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਸੀ, ਪਰ ਇਸ ਵਾਰੀ ਭਾਜਪਾ ਤੋਂ ਦਿਹਾਤੀਆਂ ਦਾ ਮੋਹ ਭੰਗ ਹੋ ਚੁੱਕਾ ਹੈ। ਕਿਸਾਨ ਖੁਦਕੁਸ਼ੀਆਂ ਦੇ ਵੱਧ ਮਾਮਲਿਆਂ ਨੂੰ ਦੇਖਦੇ ਹੋਏ ਖੇਤੀ ਸੰਕਟ ਵੀ ਇਸ ਸਮੇਂ ਅਹਿਮ ਮੁੱਦਾ ਹੈ। ਪਿਛਲੇ ਸਾਲ ਦਸੰਬਰ ਵਿੱਚ ਹੋਈਆਂ ਚੋਣਾਂ ਦੌਰਾਨ ਤਿੰਨ ਸੂਬਿਆਂ ਵਿੱਚ ਭਾਜਪਾ ਦੀ ਹਾਰ ਲਈ ਇਸ ਨੂੰ ਮੁੱਖ ਕਾਰਨਾਂ 'ਚੋਂ ਇੱਕ ਮੰਨਿਆ ਜਾ ਰਿਹਾ ਹੈ। ਜੇ ਮੋਦੀ ਸੱਤਾ ਵਿੱਚ ਵਾਪਸੀ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕਿਸਾਨ ਵੋਟਰਾਂ ਦਾ ਭਰੋਸਾ ਜਿੱਤਣਾ ਪਵੇਗਾ।

ਰੋਜ਼ਗਾਰ (ਜਾਂ ਬੇਰੋਜ਼ਗਾਰੀ) ਇੱਕ ਹੋਰ ਮੁੱਦਾ ਹੈ ਕਿਉਂਕਿ ਨੌਜਵਾਨ ਇਸ ਮਾਮਲੇ ਵਿੱਚ ਨਿਰਾਸ਼ਾ ਦੀ ਸਥਿਤੀ ਵਿੱਚ ਹਨ। ਮੋਦੀ ਨੇ 2014 ਵਿੱਚ ਜਿੰਨੀਆਂ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, ਓਨੀਆਂ ਨਹੀਂ ਦੇ ਸਕੇ। ਇਸ ਸਮੇਂ ਬੇਰੋਜ਼ਗਾਰੀ ਦੀ ਦਰ ਪਿਛਲੇ ਤੀਹ ਸਾਲਾਂ ਵਿੱਚ ਸਭ ਤੋਂ ਵੱਧ ਹੈ। ਨੌਜਵਾਨਾਂ ਲਈ ਇਹ ਮੁੱਦਾ ਹੋਰ ਸਾਰੇ ਮੁੱਦਿਆਂ 'ਤੇ ਹਾਵੀ ਹੋ ਚੁੱਕਾ ਹੈ। ਇਸ ਵਾਰ 13 ਕਰੋੜ ਨਵੇਂ ਵੋਟਰ ਵੀ ਭੂਮਿਕਾ ਨਿਭਾਉਣਗੇ। 2014 ਦੀਆਂ ਚੋਣਾਂ ਵਿੱਚ ਲਗਭਗ 15 ਕਰੋੜ ਨਵੇਂ ਵੋਟਰਾਂ ਨੇ ਮੋਦੀ ਵੱਲ ਵੋਟਿੰਗ ਕੀਤੀ ਸੀ। ਇਸ ਵਾਰ ਲਗਭਗ ਹਰੇਕ ਸੀਟ 'ਤੇ ਡੇਢ ਲੱਖ ਨਵੇਂ ਵੋਟਰ ਦਰਜ ਹੋਏ ਹਨ, ਜੋ ਕਿਸੇ ਵੀ ਵਿਚਾਰਧਾਰਾ ਨਾਲ ਜੁੜੇ ਹੋਏ ਨਹੀਂ ਅਤੇ ਸਭ ਪਾਰਟੀਆਂ ਦੀਆਂ ਨਜ਼ਰਾਂ ਇਨ੍ਹਾਂ ਵੋਟਰਾਂ 'ਤੇ ਹਨ।

ਸਿਆਸੀ ਪਾਰਟੀਆਂ ਲਈ ਮਹਿਲਾ ਵੋਟਰ ਵੀ ਅਹਿਮ ਹਨ। ਚੋਣ ਕਮਿਸ਼ਨ ਤੋਂ ਮਿਲੇ ਅੰਕੜਿਆਂ ਅਨੁਸਾਰ 2014 ਦੀਆਂ ਆਮ ਚੋਣਾਂ 'ਚ ਵੋਟਿੰਗ ਦੀ ਦਰ ਕਾਫੀ ਵਧੀ ਹੈ, ਜਿਸ ਦਾ ਇੱਕ ਮੁੱਖ ਕਾਰਨ ਮਹਿਲਾ ਵੋਟਰਾਂ ਵੱਲੋਂ ਵੱਧ-ਚੜ੍ਹ ਕੇ ਵੋਟਿੰਗ ਦਾ ਹਿੱਸਾ ਲੈਣਾ ਹੈ। ਇਹ ਵੀ ਅਹਿਮ ਹੈ ਕਿ ਬੀਜੂ ਜਨਤਾ ਦਲ ਨੇ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਐਲਾਨ ਕੀਤਾ ਹੈ। ਤ੍ਰਿਣਮੂਲ ਕਾਂਗਰਸ ਨੇ ਔਰਤਾਂ ਲਈ 41 ਫੀਸਦੀ ਸੀਟਾਂ ਰੱਖੀਆਂ ਹਨ, ਜਦ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਭਾਜਪਾ ਵੀ ਕਈ ਸਰਕਾਰੀ ਪ੍ਰੋਗਰਾਮਾਂ ਦੇ ਜ਼ਰੀਏ ਮਹਿਲਾ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੁਨੀਆ ਭਰ ਵਿੱਚ ਬਹੁਤ ਸਾਰੇ ਨੇਤਾਵਾਂ ਨੇ ਅਰਥ ਵਿਵਸਥਾ ਦੇ ਮੁੱਦੇ 'ਤੇ ਚੋਣਾਂ ਜਿੱਤੀਆਂ ਤੇ ਹਾਰੀਆਂ ਹਨ। ਅਸਲ ਵਿੱਚ ਮੋਦੀ ਅਰਥ ਵਿਵਸਥਾ ਦੇ ਮੁੱਦੇ 'ਤੇ ਸਵਾਰ ਹੋ ਕੇ ਸੱਤਾ ਵਿੱਚ ਆਏ ਸਨ। ਉਨ੍ਹਾਂ ਵੱਲੋਂ ਚੁੱਕੇ ਗਏ ਨੋਟਬੰਦੀ ਤੇ ਜੀ ਐਸ ਟੀ ਵਰਗੇ ਕਦਮ ਵੋਟਰਾਂ ਨੂੰ ਰਾਸ ਨਹੀਂ ਆਏ। ਅਜਿਹੀ ਸਥਿਤੀ ਵਿੱਚ ਵਿਰੋਧੀ ਧਿਰ ਭਾਜਪਾ ਨੂੰ ਆਰਥਿਕ ਮੁੱਦਿਆਂ ਤੇ ਘੇਰਨਾ ਚਾਹੁੰਦੀ ਹੈ। ਜਾਤ ਦਾ ਮੁੱਦਾ ਵੀ ਹਰ ਵਾਰ ਦੀਆਂ ਚੋਣਾਂ ਦੀ ਹਕੀਕਤ ਹੈ ਤੇ ਚੋਣਾਂ ਜਿੱਤਣ ਲਈ ਚੋਣ ਗਣਿਤ ਵਿੱਚ ਜਾਤ ਦਾ ਸਮੀਕਰਣ ਅਹਿਮ ਭੂਮਿਕਾ ਨਿਭਾਉਂਦਾ ਹੈ। ਬਹੁਤ ਸਾਰੀਆਂ ਪਾਰਟੀਆਂ ਆਪਣੇ ਉਮੀਦਵਾਰਾਂ ਦੀ ਚੋਣ ਜਾਤ ਦੇ ਆਧਾਰ 'ਤੇ ਕਰਦੀਆਂ ਹਨ।

ਇਸ ਤੋਂ ਇਲਾਵਾ ਸੋਸ਼ਲ ਮੀਡੀਆ ਵੀ ਚੋਣ ਪ੍ਰਚਾਰ ਦੌਰਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਅਹਿਮ ਮੁੱਦਾ ਬਣ ਚੁੱਕਾ ਹੈ। 2014 ਵਿੱਚ ਸਾਰੀਆਂ ਪਾਰਟੀਆਂ ਨੇ ਸੋਸ਼ਲ ਮੀਡੀਆ ਦਾ ਖੂਬ ਇਸਤੇਮਾਲ ਕੀਤਾ ਅਤੇ ਇਸ ਵਾਰ ਇਸ ਦੀ ਵਰਤੋਂ ਹੋਰ ਵੀ ਜ਼ਿਆਦਾ ਹੋਵੇਗੀ। ਚੋਣ ਨਤੀਜੇ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਕਿਹੜੀਆਂ ਪਾਰਟੀਆਂ ਕਿਸ ਤਰ੍ਹਾਂ ਇਨ੍ਹਾਂ ਮੁੱਦਿਆਂ ਨੂੰ ਆਪਣੇ ਪੱਖ ਵਿੱਚ ਅਤੇ ਵਿਰੋਧੀਆਂ ਦੇ ਵਿਰੁੱਧ ਕਰ ਸਕਦੀਆਂ ਹਨ।

## ਮਿੰਨੀ ਕਹਾਣੀ

### ਪ੍ਰਾਪੇਗੰਡਾ ਸਕੱਤਰ -ਹਰਵਿੰਦਰ ਸਿੰਘ 'ਰੋਡੇ'

ਇਕ ਸ਼ਹਿਰ ਦੀ ਪੰਜਾਬੀ ਸਾਹਿਤ ਸਭਾ ਦੀ ਨਵੀਂ ਚੋਣ ਮੁਕੰਮਲ ਹੋਈ ਤਾਂ ਪ੍ਰਧਾਨ ਤੋਂ ਮੈਂਬਰ ਤੱਕ ਦੇ ਅਹੁਦੇਦਾਰਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਰਵਾਇਤ ਨੂੰ ਕਾਇਮ ਰੱਖਦਿਆਂ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ। ਇਸ ਤੋਂ ਬਾਅਦ ਸਾਰੇ ਸਾਥੀ ਵਾਰੀ ਸਿਰ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਮਿਲੇ ਅਹੁਦੇ ਦੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦੇ ਵਾਅਦੇ ਕਰ ਰਹੇ ਸਨ। ਫਿਰ ਸਭਾ ਦੇ ਨਵੇਂ ਚੁਣੇ ਪ੍ਰਾਪੇਗੰਡਾ ਸਕੱਤਰ ਨਿਰਮਲ ਸਿੰਘ ਦੀ ਵਾਰੀ ਆਈ। ਉਹ ਬਾਕੀਆਂ ਨੂੰ ਸੰਬੋਧਨ ਹੁੰਦਿਆਂ ਬੋਲਿਆ, 'ਮੇਰੇ ਸਾਹਤਕਾਰ ਵੀਰੋ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਨਿਮਾਣੇ ਨੂੰ ਇਕ ਸਤਿਕਾਰਯੋਗ ਅਹੁਦਾ ਬਖਸ਼ਿਆ ਹੈ, ਪਰ ਮੈਂ ਮਾੜਾ ਜਿਹਾ ਇਹ ਜਾਨਣਾ ਚਾਹੁੰਦਾ ਹਾਂ ਕਿ ਇਹ ਪ੍ਰਾਪੇਗੰਡਾ ਸਕੱਤਰ ਹੁੰਦਾ ਕੀ ਹੈ ਤੇ ਇਹਦਾ ਮੁੱਖ ਕੰਮ ਕੀ ਹੁੰਦੈ?'

'ਓ ਬਈ ਜੇ ਪੰਜਾਬੀ ਵਿੱਚ ਪੁੱਛੋਂ ਤਾਂ ਇਹਨੂੰ ਪ੍ਰਚਾਰ ਸਕੱਤਰ ਕਹਿੰਦੇ ਐ, ਪਰ ਗੱਲ ਇਉਂ ਐ ਬਈ ਪ੍ਰਚਾਰ ਸਕੱਤਰ ਕਹਿਣਾ ਥੋੜ੍ਹਾ ਔਡ ਜਿਹਾ ਲੱਗਦੈ ਤੇ ਜੇ ਇਹੀ ਪ੍ਰਾਪੇਗੰਡਾ ਸਕੱਤਰ ਕਹੀਏ ਤਾਂ ਏਸੇ ਪਦਵੀ ਦਾ ਕੱਦ ਉਚਾ ਜਿਹਾ ਪ੍ਰਤੀਤ ਹੁੰਦਾ।' ਸਭਾ ਦੇ ਨਵੇਂ ਚੁਣੇ ਪ੍ਰਧਾਨ ਦਾ ਜਵਾਬ ਸੀ।


## ਮਾਰਕੀਟਿੰਗ ਪਰਸਨ ਦੀ ਤੁਰੰਤ ਲੋੜ

ਪੰਜਾਬੀ ਪੋਸਟ ਅਦਾਰੇ ਨੂੰ ਮਾਰਕੀਟਿੰਗ ਪਰਸਨ ਦੀ ਤੁਰੰਤ ਲੋੜ ਹੈ। ਆਪਣੀ ਕਾਰ ਹੋਣਾ ਲਾਜ਼ਮੀ। ਸ਼ੁਰੂਆਤੀ ਸੈਲਰੀ 50 ਹਜ਼ਾਰ ਡਾਲਰ ਸਾਲਾਨਾ।

ਸੰਪਰਕ:416-970-5005

Tri-City Professional Realty Inc., Brokerage — Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep

SOLD — $645,000 — Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE — $1,129,900 — Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Top 1% Ranked in Broker

Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **(RE/MAX International) **(2010) **(2014)

Urgently Need New Listing in Brampton/GTA Call Jag Today To Sell Your Property For Top $$$ & Accurate Price



BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਡ 4 ਵਾਸ਼ਰੂਮ ਘਰ, ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ,ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।



BRAMPTON $659,905
ਬਰੈਮਲੀ ਰੋਡ/ ਸੈਂਡਲਵੁਡ
ਬਹੁਤ ਸੋਹਣਾ 3+3 ਬੈਡਰੂਮ ਐਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੇਸਮੈਂਟ, 4 ਕਾਰਾਂ ਦੀ ਪਾਰਕ੍ਰਿਂਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੁਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।



BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਂਨ ਫਲੋਰ ਨੂੰ 9 ਫੁਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



3 Car Garage
BRAMPTON $1,469,905
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼, 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft), 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।



BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੂਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

REXDALE BODY SHOP
USED CAR SALE



CHEEMA
LOWEST PRICE IN TOWN
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

Carte WEALTH MANAGEMENT INC.
KANG TAX & FINANCIAL SERVICES



Sukhwinder Kang (M.Sc. CFP) Financial Advisor
- Personal and Corporate Tax Filings**
- RDSP, RESP, RRSP, TFSA Plans*
- Home and Auto Insurance***
Free Tax Filing For New Immigrants
416-271-4877 Email: sukhwinder.kang@cartewm.com
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca



WESTJET vacations
tico.ca IATA
Call Us For Guaranteed Lowest Airfare
ANY Airline Time Destination Around the World
transat Holidays, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at: safety@interstatefreightsystem.com
Call: 416-452-0677

PATANJALI®
Special on Sale
BUY 2 GET 1 FREE
- Aloe Vera Gel
- Herbal Toothpaste
- Any Shampoo
- Any Soap



BUY 2 GET 1 FREE Aloe Vera Gel
BUY 2 GET 1 FREE Toothpaste (Dant Kanti)
BUY 2 GET 1 FREE Hair Cleanser
Buy 1 and get 2nd 50% off



416.356.3987 - Tulsi Vati
647.773.7657 - Neem Vati
www.patanjalisewakendrabrampton.ca
patanjalibrampton@gmail.com



$4.99 Whole Wheat Atta
22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2

# ਆਓ ਇਕੱਠੇ ਹੋਕੇ ਬਰੈਂਪਟਨ ਦੇ ਭਵਿੱਖ ਲਈ ਲੜੀਏ ।

## ਆਟੋ ਇਨਸ਼ੋਅਰੈਂਸ

ਆਟੋ ਇਨਸ਼ੋਅਰੈਂਸ ਵਿਚ ਪੋਸਟਲ ਕੋਡ ਦਾ ਵਿਤਕਰਾ ਬੜੀ ਸ਼ਰਮ ਵਾਲੀ ਗੱਲ ਹੈ ਜੋ ਬਰੈਂਪਟਨ ਦੇ ਡਰਾਈਵਰਾਂ ਨੂੰ ਲਗਾਤਾਰ ਦੁਖੀ ਕਰ ਰਹੀ ਹੈ। ਇਸ ਲਈ ਅਸੀਂ ਪੋਸਟਲ ਕੋਡ ਦੇ ਵਿਤਕਰੇ ਨੂੰ ਖਤਮ ਕਰਨ ਅਤੇ ਆਟੋ ਇਨਸ਼ੋਅਰੈਂਸ ਦਰਾਂ ਨੂੰ ਘੱਟ ਕਰਨ ਲਈ ਲੜ ਰਹੇ ਹਾਂ।

## ਹਸਪਤਾਲ

ਇਸ ਸਰਕਾਰ ਨੇ ਬਰੈਂਪਟਨ ਨੂੰ ਨਵਾਂ ਹਸਪਤਾਲ ਨਹੀਂ ਦਿੱਤਾ ਜਿਸ ਦੀ ਸਾਨੂੰ ਬਹੁਤ ਜ਼ਰੂਰਤ ਹੈ ਅਤੇ ਉਹ ਜਨਤਕ ਸਿਹਤ ਦੇਖ-ਰੇਖ ਵਿਚ ਵੀ ਕਟੌਤੀ ਕਰ ਰਹੇ ਹਨ । ਅਸੀਂ ਬਰੈਂਪਟਨ ਲਈ ਨਵੇਂ ਹਸਪਤਾਲ ਅਤੇ ਸਿਹਤ ਦੇਖਭਾਲ ਲਈ ਲੜ ਰਹੇ ਹਾਂ ਕਿਉਂਕਿ ਬਰੈਂਪਟਨ ਦੇ ਪਰਿਵਾਰਾਂ ਨੂੰ ਇਸ ਦੀ ਸਖ਼ਤ ਲੋੜ ਹੈ ।

## ਸਿੱਖਿਆ

ਇਹ ਸਰਕਾਰ ਸਿੱਖਿਆ ਵਿਭਾਗ ਵਿਚ ਵੱਡੀ ਕਟੌਤੀ ਕਰ ਰਹੀ ਹੈ, ਜਿਸ ਨਾਲ ਵਿਦਿਆਰਥੀਆਂ ਦਾ ਨੁਕਸਾਨ ਹੋ ਰਿਹਾ ਹੈ । ਉਨ੍ਹਾਂ ਨੇ ਬਰੈਂਪਟਨ ਯੂਨੀਵਰਸਿਟੀ ਨੂੰ ਰੱਦ ਕਰ ਦਿੱਤਾ, OSAP ਗਰਾਂਟਾਂ ਨੂੰ ਕੱਟ ਦਿੱਤਾ, ਵਿਦਿਆਰਥੀ ਕਰਜ਼ੇ ਵਿਚ ਵਾਧਾ ਕੀਤਾ ਅਤੇ ਸਕੂਲ ਦੀਆਂ ਮੁਰੰਮਤਾਂ ਦੇ ਬੱਜਟ ਨੂੰ ਕੱਟਿਆ । ਅਸੀਂ ਬਰੈਂਪਟਨ ਦੇ ਵਿਦਿਆਰਥੀਆਂ ਨਾਲ ਖੜ੍ਹੇ ਹਾਂ ।



**Kevin Yarde**
MPP Brampton North
10215 Kennedy Rd. N, Unit 7
905-495-8030
KYarde-CO@ndp.on.ca

**Gurratan Singh**
MPP Brampton East
1 Gateway Blvd, Unit 306
905-799-3939
GSingh-CO@ndp.on.ca

**Sara Singh**
MPP Brampton Centre
456 Vodden St. E, Unit 12
905-454-1233
SSingh-CO@ndp.on.ca